
੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਕਲਮ ਦੇ ਧਨੀ

ਸੰਤ ਇੰਦਰ ਸਿੰਘ ਚਕਰਵਰਤੀ

(ਸੰਨ ੧੯੦੩-੮ ਮਾਰਚ ੧੯੭੧)



ਸੰਤ ਇੰਦਰ ਸਿੰਘ ਚਕਰਵਰਤੀ

ਲੇਖਕ— ਦੇਵਿੰਦਰ ਸਿੰਘ ਗਿਲ (ਜੀਆ ਨੱਥਾ)



ਸ੍ਰੀ ਸਤਿਗੁਰੂ ਜਗਜੀਤ ਸਿੰਘ ਨੇ, ਸੰਤ ਇੰਦਰ ਸਿੰਘ ਚਕਰਵਰਤੀ ਜੀ ਦੇ ਭੋਗ ਸਮੇਂ ਉਹਨਾਂ ਦੇ ਘਰ ਚਰਨ ਪਾਏ ਸਨ। ਉਹਨਾਂ ਦੇ ਨਾਲ ਪੰਡਤ ਗੋਪਾਲ ਸਿੰਘ, ਸੂਬਾ ਗੰਡਾ ਸਿੰਘ ਅਤੇ ਸੂਬਾ ਮੇਲਾ ਸਿੰਘ, ਗੁਰਬਚਨ ਸਿੰਘ ਰੋੜਿਆਂ ਵਾਲਾ, ਗੁਰਭਜਨ ਸਿੰਘ ਨਾਮਧਾਰੀ, ਜੱਥੇਦਾਰ ਗਿਆਨਾ ਸਿੰਘ ਵੀਰੋਕੇਆਦਿਕ ਵਿਦਵਾਨ ਸੰਗਤ ਵਿਚ ਬੈਠੇ ਹਨ।

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਕਲਮ ਦੇ ਧਨੀ

ਸੰਤ ਇੰਦਰ ਸਿੰਘ ਚਕਰਵਰਤੀ

ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

ਮਾਲਵੇਂਦਰ ਕੌਰ
ਸਪੁੱਤਰੀ ਸਵਰਗੀ ਸੰਤ ਇੰਦਰ ਸਿੰਘ ਚਕਰਵਰਤੀ
੧੩੭੪/੩ ਰਾਘੋ ਮਾਜਰਾ, ਕਹਾਰਾਂ ਵਾਲੀ ਗਲੀ, ਪਟਿਆਲਾ
ਟੈਲੀਫੋਨ ਨੰ: ੨੨੦੮੧੨

Kalam De Dhani

Sant Inder Singh Chakarvarti

By

Devinder Singh Gill

ਪਹਿਲੀ ਵਾਰ – ੧੦੦੦ (੧੯੯੮ ਈ:)

ਪ੍ਰਕਾਸ਼ਕ –

ਮਾਲਵੇਂਦਰ ਕੌਰ ਸਪੁੱਤਰੀ
ਸਵਰਗੀ ਸੰਤ ਇੰਦਰ ਸਿੰਘ ਚਕਰਵਰਤੀ
੧੩੭੪/੩ ਰਾਘੋ ਮਾਜਰਾ,
ਕਹਾਰਾਂ ਵਾਲੀ ਗਲੀ, ਪਟਿਆਲਾ।
ਟੈਲੀਫੋਨ ਨੰ: ੨੨੦੮੧੨

ਪ੍ਰਿੰਟਰ –

ਸਵਾਮੀ ਪ੍ਰਿੰਟਰਜ਼
ਹੈਬੋਵਾਲ ਕਲਾਂ, ਲੁਧਿਆਣਾ।
ਫੋਨ ਨੰ: 0161-470633, 472564
ਫੈਕਸ ਨੰ: 0161-478133

ਤਤਕਰਾ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਭੂਮਿਕਾ

ਆਪਣੇ ਕਿਸੇ ਮਹਾਨ ਮੰਤਵ ਲਈ, ਦੇਸ਼ ਭਲਾਈ, ਸਮਾਜ ਲਈ, ਧਰਮ ਲਈ ਸਹੀ ਲਗਨ ਨਾਲ ਅਗਰ ਕੋਈ ਲਿਖਾਰੀ ਲਿਖਦਾ ਹੈ, ਪ੍ਰਚਾਰਕ ਪ੍ਰਚਾਰ ਕਰਦਾ ਹੈ, ਜ਼ਾਲਮ ਅਤੇ ਜ਼ੁਲਮ ਦੇ ਉਲਟ, ਲਿਤਾੜੇ ਗਏ ਗਰੀਬ ਗੁਰਬਿਆਂ ਦੇ ਹੱਕ ਵਿੱਚ ਮਜ਼ਲੂਮਾਂ 'ਤੇ ਹੁੰਦੇ ਅੱਤਿਆਚਾਰ ਦੇ ਉਲਟ, ਜਗਤ ਨੂੰ ਵਿਸ਼ੇ ਵਿਕਾਰਾਂ ਅਤੇ ਰਾਖਸ਼ ਵਿਰਤੀ ਵਲੋਂ ਰੋਕ ਕੇ ਦੈਵੀ ਗੁਣਾਂ ਵਾਲੇ ਬਣਾ ਕੇ ਉਸ ਪ੍ਰਮਾਤਮਾ ਨਾਲ ਜੋੜਨ, ਜਿਸ ਨਾਂਲ ਸਰਬ ਜਨਕ ਭਲਾਈ ਦਾ ਸਮਾਜ ਬਣ ਜਾਂਦਾ ਹੈ, ਲਈ ਜੋ ਸੁਧਾਰ ਇਹ ਲਿਆ ਸਕਦਾ ਹੈ, ਉਹ ਸੁਧਾਰ ਨਾ ਤਲਵਾਰ ਨਾ ਬੰਬ ਅਤੇ ਨਾ ਹੀ ਕੋਈ ਹਥਿਆਰ ਹੀ ਕਰ ਸਕਦਾ ਅਤੇ ਨਾ ਹੀ ਕੋਈ ਯੋਜਨਾ ਹੀ ਸੁਧਾਰ ਕਰ ਸਕਦੀ ਹੈ। ਅਗਰ ਇਹ ਹੀ ਲਿਖਾਰੀ ਪ੍ਰਚਾਰਕ ਨੀਵੇਂ ਪੱਧਰ ਦੀ ਲਿਖਤ ਲਿਖਣ ਲਗ ਜਾਣ, ਅਸ਼ਲੀਲ ਅਤੇ ਨੀਵਾਂ ਸਾਹਿਤ ਸਿਰਜਣ ਲਗ ਪੈਣ ਤਾਂ ਉੱਪਰਲੇ ਸਾਰਿਆਂ ਨਾਲੋਂ ਇਹ ਖ਼ਤਰਨਾਕ ਵੀ ਜ਼ਿਆਦਾ ਸਿੱਧ ਹੋ ਸਕਦੇ ਹਨ।

ਇਸ ਲਈ ਆਦਰਸ਼ਵਾਦੀ ਲਿਖਾਰੀਆਂ ਦੀ ਦੇਣ ਸਮਾਜ ਨਹੀਂ ਦੇ ਸਕਦਾ। ਅਗਰ ਇਹ ਸੁਚੇਤ ਬੁੱਧੀ ਨਾਲ ਇਤਿਹਾਸ ਦੀ ਸਿਰਜਣਾ ਨਾ ਕਰਦੇ ਇਤਿਹਾਸ ਦੇ ਸੁਧਾਰਕ ਅਤੇ ਦੇਸ਼ ਭਲਾਈ, ਮਾਨਵ ਭਲਾਈ ਲਈ, ਮਾਨਸਿਕ ਉੱਚਤਾ ਲਈ, ਜੀਵ ਜੰਤੂਆਂ ਦੇ ਭਲੇ ਲਈ ਕੀਤੇ ਗੁਰੂ–ਪੀਰਾਂ–ਮਹਾਂਪੁਰਖਾਂ, ਰਾਮ ਰਾਜ ਸਥਾਪਤ ਕਰਨ ਵਾਲੇ ਧਰਮੀ ਰਾਜਿਆਂ ਜੋ ਪਰਜਾ ਨੂੰ ਆਪਣੇ ਪੁੱਤਰਾਂ ਸਮਾਨ ਸਮਝਦੇ ਸਨ ਅਤੇ ਪਰਜਾ ਵੀ ਅਜਿਹੇ ਰਾਜਿਆਂ ਨੂੰ ਆਪਣੇ ਮਾਈ–ਬਾਪ ਅਤੇ ਗੁਰੂ ਸਮਝਦੇ ਸਨ, ਪਰ ਇਹੋ ਜਿਹੇ ਆਦਰਸ਼ਵਾਦੀਆਂ ਬਾਰੇ ਪਤਾ ਨਹੀਂ ਸੀ ਲਗ ਸਕਣਾ। ਇਹ ਲਿਖਾਰੀ, ਸਾਹਿਤਕਾਰ ਹਰ ਕੌਮ, ਦੇਸ਼ ਦੇ ਸਰਮਾਇਆ ਹੁੰਦੇ ਹਨ, ਜਿਤਨਾ ਕਿਸੇ ਦੇਸ਼ ਦਾ ਸਰਮਾਇਆ ਅਮੀਰ ਹੋਵੇਗਾ, ਉਤਨਾ ਹੀ ਉਹ ਦੇਸ਼ ਵਿਕਾਸਸ਼ੀਲ ਹੋਵੇਗਾ ਅਤੇ ਉਤਨਾ ਹੀ ਉਸ ਦੇਸ਼ ਦੇ ਲੋਕਾਂ ਦੀਆਂ ਕਦਰਾਂ ਕੀਮਤਾਂ ਉੱਚੀਆਂ ਹੋਣਗੀਆਂ। ਇਸ ਤਰ੍ਹਾਂ ਦਾ ਹੀ ਇਹ

ਸ਼ਖ਼ਸ਼ ਭਾਰਤ ਦੇਸ਼ ਦਾ ਸਰਮਾਇਆ ਸੀ ਅਤੇ ਇਹ ਨਾਮਧਾਰੀਆਂ ਨੂੰ ਆਪਣੇ ਇਤਿਹਾਸ ਬਾਰੇ ਜਾਣਕਾਰੀ ਦੇਣ ਦਾ ਮੁੱਖ ਸਰੋਤ ਬਣਿਆ।

ਉਸ ਵਿੱਚ ਸੱਚੀ ਸੱਚੀ ਗੱਲ ਕਹਿਣ ਅਤੇ ਲਿਖਣ ਦਾ ਮਾਦਾ ਸੀ। ਹਰ ਲਿਖਾਰੀ ਪ੍ਰਚਾਰ ਦਾ ਜੋ ਮੁੱਖ ਅਸੂਲ ਹੁੰਦਾ ਹੈ ਕਿ ਸੱਚੀ ਅਤੇ ਸੁੱਚੀ ਗੱਲ ਕਰਨ, ਸਮਾਜ ਨੂੰ ਉੱਚਾ ਲਿਜਾਣ ਲਈ ਲੋਕਾਂ ਵਿਚ ਪ੍ਰਚਾਰ ਕਰੇ ਅਤੇ ਲਿਖਤ ਦੇਵੇ, ਲੋਕਾਂ ਨੂੰ ਆਪ ਜੀ ਸਹੀ ਸੇਧ ਦੇ ਕੇ ਜੀਆਂ 'ਤੇ ਅੱਤਿਆਚਾਰ ਹੋਣੋਂ ਹਟਾਵੇ, ਉਸ ਅਸੂਲ ਨੂੰ ਇਸ ਲਿਖਾਰੀ ਪ੍ਰਚਾਰਕ ਨੇ ਆਪਣੀ ਜ਼ਿੰਦਗੀ ਵਿੱਚ ਅਪਨਾਇਆ ਸੀ, ਇਸਨੇ ਇਸ ਕੰਮ ਦੀ ਪੂਰਤੀ ਲਈ ਆਪਣੀ ਜਾਨ ਦੀ ਵੀ ਪ੍ਰਵਾਹ ਨਹੀਂ ਸੀ ਕੀਤੀ। ਇਹ ਸਨ ਸੰਤ ਇੰਦਰ ਸਿੰਘ ਚਕਰਵਰਤੀ। ਜੋ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਰੋਸਾਏ ਹੋਏ ਸਨ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਨਿਵਾਜੇ ਹੋਏ ਸਨ, ਜਿਨ੍ਹਾਂ ਦੀ ਬਦੌਲਤ ਭਾਸ਼ਾ ਵਿਭਾਗ ਪੰਜਾਬ ਵਿਚ, ਇਨ੍ਹਾਂ ਦੇ ਕਿਸੇ ਸਕੂਲ, ਕਾਲਜ ਦਾ ਕੋਈ ਵੀ ਸਰਟੀਫਿਕੇਟ ਨਾ ਹੁੰਦਿਆਂ ਵੀ ਕਈ M.A., Ph.D. ਵਿਦਵਾਨ ਇਨ੍ਹਾਂ ਦੇ ਅੰਡਰ ਕੰਮ ਕਰਦੇ ਸਨ, ਇਨ੍ਹਾਂ ਦੀ ਸ਼ਖ਼ਸੀਅਤ ਨੂੰ ਕਈ ਕਈ ਡਿਗਰੀ ਹੋਲਡਰ ਪ੍ਰਵਾਨਦੇ ਸਨ। ਚਕਰਵਰਤੀ ਜੀ ਕਿਹਾ ਕਰਦੇ ਸਨ ਕਿ ਇਹ ਸਭ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਹੀ ਹੋ ਸਕਿਆ ਹੈ ਨਹੀਂ ਤਾਂ ਮੈਨੂੰ ਇਕ ਪੇਂਡੂ ਅਨਪੜ੍ਹ ਆਦਮੀ ਨੂੰ ਕਿਸਨੇ ਪੁੱਛਣਾ ਸੀ।

ਕਿਸੇ ਰਸਤੇ ਲਈ, ਕਿਸੇ ਯੋਜਨਾ ਜਾਂ ਕਾਰਜ ਲਈ ਨਿਸ਼ਾਨਦੇਹੀ ਦੇਣੀ, ਪੈੜਾਂ ਪਾਉਣੀਆਂ, ਬਹੁਤ ਔਖੀਆਂ ਹੁੰਦੀਆਂ ਹਨ, ਉਨ੍ਹਾਂ 'ਤੇ ਪੱਕੀ ਨਿਸ਼ਾਨਦੇਹੀ ਤੇ ਰਸਤੇ, ਪੱਕੀਆਂ ਸੜਕਾਂ, ਰੇਲਵੇ ਲਾਈਨਾਂ ਉਸਾਰੀਆਂ ਜਾਣੀਆਂ ਸੌਖੀਆਂ ਹੁੰਦੀਆਂ ਹਨ ਅਤੇ ਇਹ ਕੰਮ ਬਹੁਤ ਸਾਰੇ ਸੌਖਿਆਂ ਹੀ ਕਰ ਸਕਦੇ ਹਨ। ਇਹ ਲੀਹਾਂ ਤੇ ਪੈੜਾਂ ਜੋ ਇਨ੍ਹਾਂ ਮਹਾਨ ਲੇਖਕਾਂ, ਸੰਤ ਧਿਆਨ ਸਿੰਘ ਕਾਦਰਾਬਾਦੀ, ਸੰਤ ਕਾਹਲਾ ਸਿੰਘ ਜੀ, ਸੰਤ ਸੰਤੋਖ ਸਿੰਘ ਜੀ ਬਾਹੋਵਾਲ ਵਾਲੇ , ਸੰਤ ਸੰਤੋਖ ਸਿੰਘ ਜੀ ਕਰਤਾ ਗੁਰਪ੍ਰਤਾਪ ਸੂਰਜ, ਗਿਆਨੀ ਗਿਆਨ ਸਿੰਘ ਕਰਤਾ ਪੰਥ ਪ੍ਰਕਾਸ਼, ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚਕਰਵਰਤੀ ਜੀ ਨੇ ਆਪਣੇ ਤਰੀਕੇ ਅਤੇ ਸੂਝ ਨਾਲ ਪਾਈਆਂ ਸਨ, ਉਹ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ.

ਭਾਰਤੀ ਬੇਟਾ

ਆਯੂਸ਼ਾ ਅਸ਼ੀਰਵਾਦ।

ਬੇਟਾ ਜਿਓਂ ਤੁਸਾਂ ਦਾਸ ੨੦-੨੫ ਵਰ੍ਹਿਆਂ ਕਿਸੀਆਂ ਤੂੰ ਚਿੱਠੀ ਲਿਖਦੀ ਦੀ ਸੋਚੀ ਜਾਪਦੀ ਹੈਂ। ਵੈਸੀ ਨ ਵੈਸੀ ਬੀਮਾਰੀ ਆ ਕਿਹੀ ਸੋਚਦੀ ਹੈਂ ਜੋ ਸਭਨ ਕੋਰਾ ਕਰ ਜਾਂਦੀ ਹੈਂ। ਮੈਂ ਤੇ ਤੂੰ ਵੈਸੀ ਦਾਸ ਦਾ ਹੀ ਅਧਿਕਾਰ ਹੈ। ਮੈਂ ਤੇ ਨਹੀਂ ਚਾਹੁੰਦਾ ਕਿ ਤੂੰ ਕਦੀ ਵੀ ਮੇਰੀਆਂ ਆਸਾਂ ਤੋਂ ਦੂਰ ਹੋਵੇਂ ਮੈਂ ਤੇਰੀ ਉਮਰ ਦੇ ਆਦੇ ਕੋਰਾ ਤੇਰੇ ਦਵਾਈ ਰਚਪਾਲ ਆਖਾ, ਕਿਉਂਕਿ ਤੂੰ ਸ ਕਰ। ਆਦ ਤੋਂ ਆਦ ਜਦ ਮੈਂ ਸਭਨ ਦਵਾਂ ਤੂੰ ਤੇ ਮੇਰੀਆ ਆਸਾਂ ਜਾਂਦੇ ਹੋਵੇਂ

ਸੰਤ ਇੰਦਰ ਸਿੰਘ ਜੀ ਦੀ ਚਿੱਠੀ ਨੰ.੧ ਜੋ ਪੁਸਤਕ ਦੇ ਸਫਾ ਨੰ. ੩ 'ਤੇ ਪ੍ਰਕਾਸ਼ਿਤ ਹਈ ਹੈ

ਮਨੁੱਖੀ ਸਮਾਜ ਲਈ ਬਹੁਤ ਵੱਡੀਆਂ ਦੇਣਾਂ ਸਨ। ਉਨ੍ਹਾਂ ਪੈੜਾਂ 'ਤੇ ਚਲਕੇ ਹੋਰ ਬਹੁਤਿਆਂ ਨੇ ਕੰਮ ਕੀਤਾ ਹੈ। ਪਰ ਅਗਰ ਇਨ੍ਹਾਂ ਲਿਖਾਰੀਆਂ ਦੀਆਂ ਪਿਰਤਾਂ ਨਾ ਪਾਈਆਂ ਹੁੰਦੀਆਂ, ਇਤਨਾ ਇਤਿਹਾਸਕ ਮਸਾਲਾ ਅਤੇ ਸਮੱਗਰੀ ਨਾ ਦਿੱਤੀ ਹੁੰਦੀ ਤਾਂ ਅਗਲੀ ਖੋਜ ਦੇ ਲਿਖਾਰੀਆਂ ਲਈ ਤੁਰਨਾ ਲੰਗੜੀ ਤੋਰ ਹੀ ਹੁੰਦੀ।

ਚਕਰਵਰਤੀ ਜੀ ਨੇ ਕਿਤਨੀ ਮਿਹਨਤ ਕੀਤੀ ਅਤੇ ਬਿਰਧ ਅਵਸਥਾ ਵਿੱਚ ਕਿਵੇਂ ਦੀ ਹਾਲਤ ਹੋ ਗਈ ਕਿ ਏਨੀਆਂ ਪੁਸਤਕਾਂ ਲਿਖਣ ਵਾਲਾ ਅੱਜ ਇਕ ਚਿੱਠੀ ਲਿਖਣ ਤੋਂ ਵੀ ਅਸਮਰਥ ਹੁੰਦਾ ਜਾ ਰਿਹਾ ਹੈ। ਗੁਰਬਾਣੀ ਅਨੁਸਾਰ ਪੂਰਬਲੇ ਗੁਰੂਆਂ ਦੇ ਦਿੱਤੇ ਉਪਦੇਸ਼ ਅਤੇ ਸਤਿਗੁਰੂ ਪ੍ਰਤਾਪ ਸਿੰਘ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਮਰਣ ਜੰਮਣ ਦੇ ਭੈਅ ਤੋਂ ਭੈਹੀਣ ਹੋ ਗਏ ਸਨ ਅਤੇ ਮਰਣ ਜੰਮਣ ਦੇ ਦੁਖ ਤੋਂ ਸੁਚੇਤ ਸਨ। ਆਪਣੇ ਸਤਿਗੁਰੂ ਦੇ ਚਰਨਾਂ ਵਿਚ ਅਰਦਾਸ ਕਰਦੇ ਸਨ ਕਿ ਮਰਣ-ਜੰਮਣ ਦੇ ਦੁਖ ਤੋਂ ਬਚਾ ਲਓ ਜੋ ਕਿ ਉਹਨਾਂ ਨੇ ਆਪਣੀ ਬੇਟੀ ਮਾਲਵੇਂਦਰ ਕੌਰ ਨੂੰ ਚਿੱਠੀ ਵਿੱਚ ਲਿਖਿਆ ਸੀ। ਉਹ ਆਪਣੀ ਬੇਟੀ ਨੂੰ ਆਪਣੇ ਪ੍ਰਵਾਰ ਦੇ ਸਾਰੇ ਜੀਆਂ ਨਾਲੋਂ ਵੱਧ ਪਿਆਰ ਕਰਦੇ ਸਨ, ਜ਼ਿਆਦਾ ਨੇੜਤਾ ਦੇਂਦੇ ਸਨ।

ਦਸੰਬਰ ੧੯੭੧ ਦੀਆਂ ਚਕਰਵਰਤੀ ਜੀ ਦੀਆਂ ਆਪਣੀ ਬੇਟੀ ਮਾਲਵੇਂਦਰ ਕੌਰ ਵਲ ਲਿਖੀਆਂ ਚਿੱਠੀਆਂ ਵਿੱਚੋਂ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਮਾਲਤੀ ਬੇਟਾ,

ਬਾਪੂ ਦਾ ਅਸ਼ੀਰਵਾਦ।

ਬੇਟਾ ਜਿੰਨਾ ਹੱਥਾਂ ਨਾਲ ੨੦-੨੫ ਕਿਤਾਬਾਂ ਲਿਖੀਆਂ, ਹੁਣ ਚਿੱਠੀ ਲਿਖਣੀ ਵੀ ਔਖੀ ਜਾਪਦੀ ਹੈ। ਕੋਈ ਨਾ ਕੋਈ ਬੀਮਾਰੀ ਅਜਿਹੀ ਔਂਦੀ ਹੈ ਜੋ ਮਰਨ ਜੋਗਾ ਕਰ ਜਾਂਦੀ ਹੈ। ਮੈਂ ਤੇ ਹੁਣ ਕੋਈ ਦਮ ਦਾ ਹੀ ਮਹਿਮਾਨ ਹਾਂ। ਮੈਂ ਤੇ ਨਹੀਂ ਚਾਹਦਾ ਕਿ ਤੂੰ ਕਦੀ ਵੀ ਮੇਰੀਆਂ ਅੱਖਾਂ ਤੋਂ ਪ੍ਰੋਖੇ ਹੋਵੇ ਮੈਂ ਤੇਰੀ ਉਮਰ ਦੇ ਖਾਣ ਜੋਗਾ ਤੇਰੇ ਲਈ ਰਖ ਦਿਆਂਗਾ ਤੂੰ ਫਿਕਰ ਨਾ

ਕਰ। ਘਟ ਤੋਂ ਘਟ ਜਦ ਮੈਂ ਮਰਨ ਲਗਾ ਤੂੰ ਤੇ ਮੇਰੀਆਂ ਅਖਾਂ ਸਾਹਵੇ ਹੋਵੇ.....।

ਇੱਥੇ ਉਹਨਾਂ ਦੀ ਆਪਣੀ ਹਸਤ ਲਿਖਤ ਵਿਚ ਦੂਸਰੀ ਚਿੱਠੀ–

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਬੇਟਾ–ਮਾਲਤੀ,

ਬਾਪੂ ਦਾ ਅਸ਼ੀਰਵਾਦ।

ਚਿਠੀ ਮਿਲ ਗਈ ਬਹੁਤ ਖ਼ੁਸ਼ੀ ਹੋਈ। ਮੇਰੀ ਸੇਹਿਤ ਠੀਕ ਨਹੀ ਬਹੁਤ ਤਖਲੀਫ ਹੈ। ਇਹ ਤੇ ਤੈਨੂੰ ਪਤਾ ਹੀ ਹੈ ਕਿ ਮੈਨੂੰ ਮਰਨ ਦੀ ਕੋਈ ਚਿੰਤਾ ਨਹੀ ਇਤਨਾ ਪੜ ਕੇ ਵੀ ਜੇ ਮਰਨ, ਜੀਉਣ ਦਾ ਫਿਕਰ ਰਿਹਾ ਤਾ ਪੜਨ ਪੜਾਣ ਦਾ ਕੀ ਫਾਇਦਾ ? ਫਿਕਰ ਸਿਰਫ਼ ਇਹ ਹੈ ਕਿ ਮਰਨ ਜੀਊਣ ਦਾ ਦੁਖ ਨਾ ਵਾਪਰੇ। ਕਿ –"ਮਰਨ ਕਾਲ ਕਾ ਤ੍ਰਾਸ ਨਵਰੀਏ"... ਮਰਨ ਸਮੇ ਦਾ ਦੁਖ ਨ ਵਾਪਰੇ।...

ਸਲਵਾਲ ਹਾਈ ਸਕੂਲ


ਵੇਰਕਾ ਖਾਸ, ਜ਼ਿਲ੍ਹਾ ਅੰਮ੍ਰਿਤਸਰ, ਮਾਲਵੇਂਦਰ ਕੌਰ ਮਾਂਗਟ

ਉਨ੍ਹਾਂ ਦੀ ਦੂਸਰੀ ਚਿੱਠੀ ਆਪਣੀ ਲਿਖਤ ਵਿਚ ਹੈ

ਹੁਣ ਤੁਸੀਂ 9-3-73 ਦੀ ਅਕਾਲੀ ਪਤ੍ਰਿਕਾ ਦੀ ਰੀਪੋਰਟ ਪੜ੍ਹੋ....

ਸੰਤ ਇੰਦਰ ਸਿੰਘ ਦੀ ਦੂਜੀ ਬਰਸੀ

ਪਟਿਆਲਾ (ਡਾਕ)– ਅਗਲੇ ਦਿਨ ਇੱਥੇ ਪ੍ਰਸਿੱਧ ਸਾਹਿਤਕਾਰ ਤੇ ਉੱਘੇ ਨਾਮਧਾਰੀ ਆਗੂ ਸਵਰਗਵਾਸੀ ਸੰਤ ਇੰਦਰ ਸਿੰਘ ਚਕਰਵਰਤੀ ਦੀ ਦੂਜੀ ਬਰਸੀ ਉਨ੍ਹਾਂ ਦੇ ਨਿਵਾਸ ਅਸਥਾਨ ਬਹੇੜਾ ਰੋਡੀ 'ਤੇ ਮਨਾਈ ਗਈ। ਗੁਰੂ ਗ੍ਰੰਥ ਸਾਹਿਬ ਦੇ ਭੋਗ ਉਪਰੰਤ ਬਾਬਾ ਜਗਜੀਤ ਸਿੰਘ ਜੀ ਦਾ ਮਨੋਹਰ ਵਿਖਿਆਨ ਹੋਇਆ। ਇਸ ਤੋਂ ਬਿਨਾਂ ਪੰਜਾਬੀ ਸਾਹਿਤ ਦੇ ਇਸ ਮਹਾਨ ਰਤਨ, ਮਹਾਂ ਕਵੀ, ਨਾਵਲਕਾਰ, ਨਾਟਕਕਾਰ, ਗਦ ਲੇਖਕ ਤੇ ਸ਼੍ਰੋਮਣੀ ਪੱਤਰਕਾਰ ਦੇ ਸਾਹਿਤਕ ਜੀਵਨ ਸੰਬੰਧੀ ਸ਼ਰਧਾਂਜ਼ਲੀਆਂ ਕਵਿਤਾਂ ਤੇ ਵਿਖਿਆਨਾਂ ਰਾਹੀਂ ਭੇਂਟ ਕੀਤੀਆਂ ਗਈਆਂ। ਸ਼ਰਧਾਂਜ਼ਲੀ ਭੇਂਟ ਕਰਨ ਵਾਲੇ ਬੁਲਾਰਿਆਂ ਵਿੱਚੋਂ


੧ਓ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਹਾਇ
ਬੇਟਾ - ਮਾਸਟਰ ਜੀ!
ਆਪ ਨੂੰ ਆਸ਼ੀਰਵਾਦ।

ਸੰਤ ਇੰਦਰ ਸਿੰਘ ਜੀ ਦੀ ਚਿੱਠੀ ਨੰ. ੨ ਜੋ ਪੁਸਤਕ ਦੇ ਸਫਾ ਨੰ. ੪ 'ਤੇ ਪ੍ਰਕਾਸ਼ਿਤ ਹੋਈ ਹੈ

ਸਰਵ ਸ੍ਰੀ ਤਰਲੋਕ ਸਿੰਘ ਚਿੱਤਰਕਾਰ, ਪ੍ਰੋ. ਗੁਰਮੁਖ ਸਿੰਘ, ਜਸਵੰਤ ਸਿੰਘ ਵੰਤਾ, ਪ੍ਰੀਤਮ ਸਿੰਘ ਪੰਛੀ, ਹੰਸ ਰਾਜ ਰਾਹੀ, ਆਸਾ ਸਿੰਘ ਰਾਹੀ ਤੇ ਕਿਰਪਾਲ ਸਿੰਘ ਦੇ ਨਾਂ ਵਰਣਨਯੋਗ ਹਨ।

ਸ੍ਰੀ ਚਕਰਵਰਤੀ ਜੀ ਦੀ ਪਤਨੀ ਪ੍ਰਤਾਪ ਕੌਰ ਨੇ ਸ੍ਰੀ ਚਕਰਵਰਤੀ ਜੀ ਦੀ ਯਾਦ ਨੂੰ ਤਾਜਾ ਰੱਖਦਿਆਂ ਅਤੇ ਉਨ੍ਹਾਂ ਦੇ ਸਨੇਹੀਆਂ, ਸਾਹਿਤਕਾਰਾਂ ਨਾਲ ਸਾਂਝ ਨੂੰ ਬਣਾਈ ਰੱਖਿਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਲਗਾਤਾਰ ਆਪਣੀ ਅਤੇ ਆਪਣੇ ਪ੍ਰਵਾਰ ਨੂੰ ਜੋੜੀ ਰੱਖਦਿਆਂ ੧੨ ਸਾਲਾਨਾ ਬਰਸੀਆਂ ਕਰਾਈਆਂ ਅਤੇ ੧੩ ਵੀਂ ਸਾਲਾਨਾ ਬਰਸੀ ਚਕਰਵਰਤੀ ਪ੍ਰਵਾਰ ਨੇ ਬੀਬੀ ਪ੍ਰਤਾਪ ਕੌਰ ਦੇ ਚੜ੍ਹਾਈ ਕਰਨ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ 5.3.1984 ਨੂੰ ਚਕਰਵਰਤੀ ਜੀ ਦੇ ਆਪਣੇ ਜਨਮ ਸਥਾਨ ਪਿੰਡ ਲੱਲ ਕਲਾਂ ਵਿਚ ਚਕਰਵਰਤੀ ਪ੍ਰਤਾਪ ਹਾਲ ਵਿਚ ੧੩ਵੀਂ ਸਾਲਾਨਾ ਬਰਸੀ ਕਰਵਾਈ ਸੀ। ਹੁਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ੧੪ਵੀਂ ਬਰਸੀ, ਚਕਰਵਰਤੀ ਜੀ ਪ੍ਰਵਾਰ ਅਤੇ ਉਹਨਾਂ ਦੇ ਸਾਹਿਤਕ ਸਨੇਹੀਆਂ ਨੂੰ ਸਦ ਕੇ 13.10.1998 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਕਰਵਾ ਰਹੇ ਹਨ।

ਸ੍ਰੀ ਦਵਿੰਦਰ ਸਿੰਘ ਜੀ ਗਿਲ ਜੋ ਸਾਹਿਤ ਨੂੰ ਖਾਸ ਕਰਕੇ ਪੰਜਾਬੀ ਬੋਲੀ ਨੂੰ ਅਤੇ ਨਿਰਪਖ ਸਾਹਿਤਕਾਰਾਂ ਅਤੇ ਸਹੀ ਰੂਪ ਵਿਚ ਪੰਜਾਬੀ ਪ੍ਰੇਮੀ ਅਤੇ ਪੰਜਾਬੀ ਦੇ ਵਿਕਾਸ ਦੇ ਇੱਛੁਕ ਲੇਖਕਾਂ ਨੂੰ ਸਮਰਪਿਤ ਹਨ, ਨੇ ਬਹੁਤ ਹੀ ਖੋਜ ਅਤੇ ਮਿਹਨਤ ਨਾਲ ਇਹ ਬੁਕਲੈਟ ਲਿਖੀ ਹੈ, ਜਿਸ ਵਿਚ ਥੋੜ੍ਹੇ ਸ਼ਬਦਾਂ ਵਿਚ ਘਣੀ ਜਾਣਕਾਰੀ ਇਕੱਤਰ ਕੀਤੀ ਹੋਈ ਹੈ, ਦਾ ਇਹ ਛੋਟਾ ਪੁਸਤਕ ਹਰ ਇਕ ਲਈ, ਖਾਸ ਕਰ ਖੋਜ ਪ੍ਰੇਮੀ, ਸਾਹਿਤਕ ਪ੍ਰੇਮੀ ਲਈ ਲਾਹੇਵੰਦ ਪੜ੍ਹਨਯੋਗ ਹੈ।

ਤਰਸੇਮ ਸਿੰਘ ਨਾਮਧਾਰੀ
ਸ੍ਰੀ ਭੈਣੀ ਸਾਹਿਬ
ਲੁਧਿਆਣਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਧੰਨਵਾਦ

ਮੈਨੂੰ ਬਹੁਤ ਵਾਰੀ ਸਨੇਹ ਅਤੇ ਨੇੜਤਾ ਨਾਲ ਆਪਣੇ ਕੋਲ ਬਿਠਾ ਕੇ ਪਿਤਾ ਜੀ ਨੇ ਕਹਿਣਾ ਕਿ ਮੇਰੇ ਪ੍ਰਦੇਸੀ ਪ੍ਰੀਤਮ ਦਾ ਪਿਆਰਾ ਤੇ ਵੈਰਾਗੀ, ਸਤਿਗੁਰੂ ਪ੍ਰਤਾਪ ਸਿੰਘ ਵਿਛੋੜਾ ਦੇ ਕੇ ਤੁਰ ਗਿਆ ਹੈ ਅਤੇ ਸਾਨੂੰ ਇਕ ਸੀਤਲਤਾ ਦੇ ਸੋਮੇ, ਧੀਰਜ ਦੇ ਸਮੁੰਦਰ ਸਤਿਗੁਰੂ ਜਗਜੀਤ ਸਿੰਘ ਦੇ ਲੜ ਲਾ ਗਿਆ ਅਤੇ ਸਾਡੀ ਬਾਂਹ ਉਸਦੇ ਹੱਥ ਫੜਾ ਗਿਆ ਏ। ਵੇਖੀਂ ਕਿਧਰੇ ਅਜਿਹੇ ਸਤਿਗੁਰੂ, ਸਤਿਗੁਰੂ ਜਗਜੀਤ ਸਿੰਘ ਨੂੰ ਭੁਲ ਨਾ ਬੈਠੀਂ।

ਇਸ ਕਰਕੇ ਮੈਂ ਇਸ ਬਰਸੀ 'ਤੇ ਜੋ 13.10.1998 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਸ੍ਰੀ ਭੈਣੀ ਸਾਹਿਬ ਵਿਚ ਹੋ ਰਹੀ ਹੈ, ਮੈਂ ਇਸ ਸਮਾਗਮ 'ਤੇ ਵਾਅਦਾ ਕਰਨੀ ਹਾਂ ਕਿ ਮੈਂ ਆਪਣੇ ਪਿਤਾ ਦੇ ਬਚਨਾਂ 'ਤੇ ਫੁੱਲ ਚਾੜ੍ਹਦੀ ਹੋਈ, ਸਤਿਗੁਰੂ ਜਗਜੀਤ ਸਿੰਘ ਜੀ ਦਾ ਦਰ ਨਹੀਂ ਛੱਡਾਂਗੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ, ਬੇਨਤੀ ਕਰਦੀ ਹਾਂ ਕਿ ਮੇਰੇ ਪਿਤਾ ਜੀ ਜੋ ਸਾਡੀ ਬਾਂਹ ਤੁਹਾਨੂੰ ਫੜਾ ਗਏ ਹਨ, ਸਾਡੀਆਂ ਗਲਤੀਆਂ, ਕਮੀਆਂ ਨੂੰ ਨਜ਼ਰ ਅੰਦਾਜ਼ ਕਰਦੇ ਹੋਏ ਤੁਸੀਂ ਵੀ ਸਾਡੀ ਬਾਂਹ ਨਾ ਛੱਡਣੀ ਜੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ੁਕਰ ਗੁਜ਼ਾਰ ਤਾਂ ਮੈਂ ਹੈ ਹੀ ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਕੱਤਰ ਸੰਤ ਤਰਸੇਮ ਸਿੰਘ, ਜੋ ਪਿਤਾ ਜੀ ਯਾਦ ਮਨਾਉਣ ਵਿਚ ਅਤੇ ਸਾਨੂੰ ਪਿਤਾ ਜੀ (ਸੰਤ ਇੰਦਰ ਸਿੰਘ ਚਕਰਵਰਤੀ) ਦੇ ਵਿਛੋੜੇ ਤੋਂ ਬਾਦ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਤਿਗੁਰੂ ਪ੍ਰਤਾਪ ਸਿੰਘ ਵਾਂਗ ਨੇੜਲਾ ਪਿਆਰ ਨਸੀਬ ਕਰਵਾਉਣ ਵਿਚ ਸਹਾਈ ਹੋਏ ਹਨ ਜੋ ਪਿਤਾ ਜੀ ਦੀ ਚੜ੍ਹਾਈ ਤੋਂ ਬਾਦ ਕਈ ਸਾਲ ਨਸੀਬ ਨਹੀਂ ਸੀ ਹੋ ਸਕਿਆ, ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦੀ ਹਾਂ।

ਮੇਰੇ ਵਲੋਂ ਅਤੇ ਚਕਰਵਰਤੀ ਜੀ ਦੇ ਪਰਿਵਾਰ ਵਲੋਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬੇਨਤੀ ਹੈ ਕਿ ਚਕਰਵਰਤੀ ਜੀ ਦੀਆਂ ਸਾਰੀਆਂ ਛਪੀਆਂ ਅਣਛਪੀਆਂ ਰਚਨਾਵਾਂ ਮੁੜ ਪ੍ਰਕਾਸ਼ਨ ਕਰਾਓ। ਮੈਂ ਅਤੇ ਚਕਰਵਰਤੀ ਦਾ ਸਾਰਾ ਪਰਿਵਾਰ, ਇਨ੍ਹਾਂ ਦੇ ਪ੍ਰਕਾਸ਼ਨ ਦੀ ਮੁੜ ਪ੍ਰਕਾਸ਼ਨਾ ਕਰਾਉਣ, ਅਨੁਵਾਦ ਕਰਾਉਣ, ਅਗਰ ਕੋਈ ਇਤਿਹਾਸਕ ਸੋਧ ਕਰਨ ਯੋਗ ਸਮਝੋ, ਉਹ ਇਤਿਹਾਸਕ ਸੋਧ ਕਰਨ ਦੇ ਆਪ ਜੀ ਨੂੰ ਪੂਰਨ ਅਧਿਕਾਰ ਦੇਂਦੇ ਹਾਂ। ਪਿਤਾ ਜੀ ਬਾਰੇ ਜੋ ਇਹ ਇਤਿਹਾਸਕ ਖੋਜ ਭਰੀ ਛੋਟੀ ਪੁਸਤਕ ਸ੍ਰੀ ਦੇਵਿੰਦਰ ਸਿੰਘ ਜੀ ਗਿਲ ਨੇ ਅਧਿਕ ਜਾਣਕਾਰੀ ਭਰਪੂਰ, ਅਧਿਕ ਮਿਹਨਤ ਕਰਕੇ ਲਿਖੀ ਹੈ ਉਨ੍ਹਾਂ ਦਾ ਵੀ ਮੈਂ ਧੰਨਵਾਦ ਕਰਦੀ ਹਾਂ ਅਤੇ ਇਤਿਹਾਸ ਖੋਜੀਆਂ, ਲਿਖਾਰੀਆਂ, ਵਿਦਵਾਨਾਂ ਅਤੇ ਆਮ ਪਾਠਕਾਂ ਨੂੰ ਇਸਨੂੰ ਪੜ੍ਹਨ ਦੀ ਬੇਨਤੀ ਕਰਦੀ ਹਾਂ।

ਮਾਲਵੇਂਦਰ ਕੌਰ, ਸਪੁੱਤਰੀ

ਸਵਰਗੀ ਸੰਤ ਇੰਦਰ ਸਿੰਘ ਚਕਰਵਰਤੀ

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਸ਼ਰਧਾ ਭਰੇ ਕੁਝ ਸ਼ਬਦ

ਸਾਹਿਤਕਾਰ, ਵਿਦਵਾਨ, ਕਵੀ ਤੇ ਇਤਿਹਾਸਕਾਰ ਹਰ ਕੌਮ, ਸਮਾਜ ਤੇ ਪੰਥ ਦੇ ਸਰਮਾਇਆ ਹੁੰਦੇ ਹਨ, ਜਿਹੜੀ ਕੌਮ ਤੇ ਸਮਾਜ ਉਹਨਾਂ ਨੂੰ ਨਹੀਂ ਸੰਭਾਲਦੇ, ਉਸਦਾ ਇਤਿਹਾਸਕ ਵਜੂਦ ਛੇਤੀ ਹੀ ਖ਼ਤਮ ਹੋ ਜਾਂਦਾ ਹੈ। ਸੰਤ ਇੰਦਰ ਸਿੰਘ ਜੀ ਚਕਰਵਰਤੀ ਐਸੇ ਸੁਘੜ ਵਿਦਵਾਨ ਸਨ, ਜਿਹਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਯੂ ਪ੍ਰਯੰਤ ਸਰਪ੍ਰਸਤੀ ਮਿਲਦੀ ਰਹੀ ਅਤੇ ਉਹਨਾਂ ਦੇ ਪ੍ਰਲੋਕ ਗਮਨ ਤੋਂ ਬਾਅਦ ਵੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਦੇ ਬਰਸੀ ਦੇ ਮੌਕਿਆਂ 'ਤੇ ਉਹਨਾਂ ਨੂੰ ਸਮੇਂ ਸਮੇਂ ਯਾਦ ਕੀਤਾ ਹੈ।

ਐਸੀ ਮਿੱਠੀ ਯਾਦ 13-10-98 ਨੂੰ ਸ੍ਰੀ ਭੈਣੀ ਸਾਹਿਬ ਮਨਾਈ ਜਾ ਰਹੀ ਹੈ। ਸ੍ਰੀ ਸਤਿਗੁਰੂ ਜੀ ਨੇ ਮੇਰੇ 'ਤੇ ਅਪਾਰ ਕਿਰਪਾ ਕੀਤੀ, ਮੈਨੂੰ ਇਹ ਛੋਟੀ ਪੁਸਤਕ ਸੰਤ ਇੰਦਰ ਸਿੰਘ ਚਕਰਵਰਤੀ ਜੀ ਬਾਰੇ ਲਿਖਣ ਲਈ ਬਲ ਬੁੱਧੀ ਬਖ਼ਸ਼ਕੇ ਇਹ ਪੁਸਤਕ ਲਿਖਵਾ ਲਈ ਹੈ। ਸੰਤ ਤਰਸੇਮ ਸਿੰਘ ਜੀ ਨਾਮਧਾਰੀ ਨਿਜੀ ਸਕੱਤਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵੀ ਤਹਿ ਦਿਲ ਤੋਂ ਧੰਨਵਾਦੀ ਹਾਂ ਕਿ ਉਹਨਾਂ ਮੇਰੀ ਪੁਸਤਕ ਦੀ ਪ੍ਰਕ੍ਰਿਆ ਨੂੰ ਸਲਾਹਿਆ ਅਤੇ ਮੈਨੂੰ ਯੋਗ ਸੁਝਾਅ ਦੇਂਦੇ ਰਹੇ। ਆਪਣੀ ਪਤਨੀ ਪਰਮਜੀਤ ਕੌਰ ਦਾ ਵੀ ਧੰਨਵਾਦ ਕਰਨ ਤੋਂ ਬਿਨਾਂ ਗੱਲ ਅਧੂਰੀ ਰਹੇਗੀ, ਜਿਸਨੇ ਸਾਹਿਤ ਰਚਨਾ ਕਰਦੇ ਸਮੇਂ ਕਦੇ ਵੀ ਮੇਰੇ ਕੰਮ ਵਿਚ ਵਿਘਨ ਨਹੀਂ ਪਾਇਆ। ਬੀਬੀ ਮਾਲਵਿੰਦਰ ਕੌਰ ਜੀ ਮਾਲਤੀ ਸਪੁੱਤਰੀ ਸਵਰਗੀ ਸੰਤ ਇੰਦਰ ਸਿੰਘ ਚਕਰਵਰਤੀ ਜੀ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਇਸ ਪੁਸਤਕ ਦੀ ਪ੍ਰਕਿਰਿਆ ਨੂੰ ਪਸੰਦ ਕੀਤਾ ਹੈ। ਆਸ ਕਰਦਾ ਹਾਂ ਕਿ ਆਮ ਪਾਠਿਕ, ਵਿਦਵਾਨ ਖੋਜੀ ਤੇ ਇਤਿਹਾਸਕਾਰ ਮੇਰੀ ਇਸ ਛੋਟੀ ਜਿਹੀ ਪੁਸਤਕ ਨੂੰ ਪਸੰਦ ਕਰਨਗੇ।

ਦੇਵਿੰਦਰ ਸਿੰਘ ਗਿੱਲ

ਪਿੰਡ– ਜੀਆ ਨੱਥਾ

ਡਾਕ– ਖੁੱਡਾ– 144305

ਜ਼ਿਲ੍ਹਾ ਹੁਸ਼ਿਆਰਪੁਰ

7-10-98

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਕਲਮ ਦੇ ਧਨੀ –

ਸੰਤ ਇੰਦਰ ਸਿੰਘ ਚਕਰਵਰਤੀ

ਦੇਵਿੰਦਰ ਸਿੰਘ ਗਿਲ (ਜੀਆ ਨੱਥਾ)

ਸੰਤ ਇੰਦਰ ਸਿੰਘ ਚਕਰਵਰਤੀ ਜੀ, ਸਾਹਿਤ ਦੇ ਅਮਿਟ ਹਸਤਾਖਰ ਹਨ, ਜਦੋਂ ਵੀ ਕਦੇ ਸਾਹਿਤ ਦੇ ਇਤਿਹਾਸ ਦੀ ਗੱਲ ਹੁੰਦੀ ਹੈ, ਸਾਹਿਤ ਦੇ ਰਚਣਹਾਰਾਂ ਵਿੱਚੋਂ ਸਭ ਤੋਂ ਉੱਪਰ ਚੋਟੀ ਦੇ ਸਾਹਿਤਕਾਰਾਂ ਵਿਚ ਉਹਨਾਂ ਦਾ ਨਾਮ ਆਉਂਦਾ ਹੈ। ਉਹਨਾਂ ਨੇ ਉਸ ਸਮੇਂ ਸਾਹਿਤ ਸਿਰਜਣਾ ਕੀਤੀ ਜਦੋਂ ਕਿ ਨਾਂਹ ਤਾਂ ਅੱਜ ਵਰਗੀਆਂ ਕੋਈ ਸਹੂਲਤਾਂ ਹੀ ਸਨ ਅਤੇ ਨਾਂਹ ਹੀ ਉਹਨਾਂ ਨੂੰ ਕੋਈ ਸਾਹਿਤਕ ਸਰਪ੍ਰਸਤੀ ਹਾਸਲ ਹੋਈ, ਉਹ ਆਪ ਹੀ ਸਾਹਿਤਕ ਕਿਰਤ ਨੂੰ ਸਿਰਜਦੇ ਅਤੇ ਫਿਰ ਆਪ ਹੀ ਉਸਨੂੰ ਪੰਜਾਬ ਪਾਠਿਕਾਂ ਤਕ ਪਹੁੰਚਾਉਣ ਲਈ ਹੀਲੇ ਕਰਦੇ ਸਨ। ਉਹ ਇਕ ਸਾਹਿਤ ਸੰਸਥਾ ਸਨ ਅਤੇ ਉਹਨਾਂ ਨੇ ਇਕੱਲਿਆਂ ਹੀ ਇਕ ਸੰਸਥਾ ਜਿੰਨਾ ਕੰਮ ਕੀਤਾ ਅਤੇ ਸਾਹਿਤ ਦੀ ਹਰ ਵੰਨਗੀ ਅਤੇ ਹਰ ਖੇਤਰ ਵਿੱਚ ਉਹਨਾਂ ਨੇ ਕਲਮ ਅਜ਼ਮਾਈ ਕੀਤੀ।

ਸੰਤ ਇੰਦਰ ਸਿੰਘ ਜੀ ਦਾ ਬਚਪਨ ਅਤੇ ਵਿੱਦਿਆ ਪ੍ਰਾਪਤੀ –

ਸੰਤ ਇੰਦਰ ਸਿੰਘ ਜੀ ਦਾ ਜਨਮ ਮਾਘ ਸੁਦੀ ਨੌਮੀ ਸੰਮਤ ੧੯੬੦ ਦੇ ਪਿਛਲੇਰੇ ਪੱਖ ਦੀ ਰਾਤ ਸ੍ਰੀ ਭੈਣੀ ਸਾਹਿਬ ਦੇ ਨੇੜੇ ਪਿੰਡ ਲੱਲਾਂ ਕਲਾਂ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ੍ਰ. ਮੋਦਨ ਸਿੰਘ ਅਤੇ ਮਾਤਾ ਮਾਨ ਕੌਰ ਜੀ ਦੇ ਘਰ ਹੋਇਆ। ਉਹਨਾਂ ਦਾ ਪ੍ਰਵਾਰ ਨਾਮਧਾਰੀ ਸੰਗਤ ਨਾਲ ਜੁੜਿਆ ਹੋਇਆ ਸੀ, ਉਹਨਾਂ ਦੇ ਦਾਦਾ ਸੰਤ ਜੈ ਸਿੰਘ ਜੀ ਸਨ ਜਿਹਨਾਂ ਨੂੰ ਕੂਕੇ ਹੋਣ ਦੇ ਕਾਰਨ ਸਾਢੇ ਤਿੰਨ ਸਾਲ ਪਟਿਆਲਾ ਰਾਜ ਦੀ ਜੇਹਲ ਵਿਚ ਸਜ਼ਾ

ਕੱਟਣੀ ਪਈ। ਉਹਨਾਂ ਦੇ ਪਿਤਾ ਸਰਦਾਰ ਮੋਦਨ ਸਿੰਘ ਜੀ ਨੂੰ ਗਊਆਂ ਨੂੰ ਹਰਾ ਘਾਹ ਆਪਣੇ ਪਿੰਡੋਂ ਆਪਣੇ ਖੇਤਾਂ ਵਿੱਚੋਂ ਲਿਆ ਕੇ ਪਾਉਣ ਕਾਰਨ ਸਰਕਾਰੀ ਕਹਿਰ ਸਹਾਰਨ ਕਰਨਾ ਪਿਆ ਸੀ। (ਦੇਖੋ ਵੇਰਵਾ ਪੁਸਤਕ ਕੂਕਿਆਂ ਬਾਰੇ ਪੰਨਾ ੧੯੩)

ਸਤਿਗੁਰੂ ਰਾਮ ਸਿੰਘ ਜੀ ਨੇ ੧੮੫੭ ਈਸਵੀ ਦੀ ਵਿਸਾਖੀ ਤੋਂ ਸੰਤ ਖਾਲਸਾ ਦੀ ਸਿਰਜਣਾ ਕਰਕੇ ਅੰਗਰੇਜ਼ ਹਕੂਮਤ ਦਾ ਬਾਈਕਾਟ ਕੀਤਾ ਹੋਇਆ ਸੀ ਅਤੇ ਬਿਦੇਸ਼ੀਆਂ ਵਸਤੂਆਂ, ਅਦਾਲਤਾਂ ਅਤੇ ਸਕੂਲਾਂ ਦਾ ਨਾਮਧਾਰੀਆਂ ਨੇ ਮੁਕੰਮਲ ਬਾਈਕਾਟ ਕੀਤਾ ਹੋਇਆ ਸੀ, ਇਸ ਲਈ ਸੰਤ ਇੰਦਰ ਸਿੰਘ ਜੀ ਕਿਸੇ ਸਰਕਾਰੀ ਸਕੂਲ ਵਿੱਚ ਵਿੱਦਿਆ ਪ੍ਰਾਪਤ ਨਾ ਕਰ ਸਕੇ। ਅਜੇ ਉਹਨਾਂ ਦੀ ਉਮਰ ਲਗਭਗ ਇਕ ਸਾਲ ਹੀ ਹੋਈ ਸੀ ਕਿ ਸਿਰ ਤੋਂ ਪਿਤਾ ਜੀ ਦਾ ਸਾਇਆ ਉੱਠ ਗਿਆ। ਸੰਤ ਜੀ ਤੋਂ ਉਹਨਾਂ ਦੇ ਹੋਰ ਭੈਣ ਭਰਾ ਇੰਦ ਕੌਰ, ਹਰਨਾਮ ਕੌਰ, ਦੀਦਾਰ ਸਿੰਘ ਅਤੇ ਦੀਪ ਕੌਰ ਸਨ। ਉਹਨਾਂ ਦੀ ਮਾਤਾ ਨੇ ਉਹਨਾਂ ਸਾਰਿਆਂ ਨੂੰ ਨਾਮਧਾਰੀ ਮਰਯਾਦਾ ਦੇ ਧਾਰਨੀ ਬਣਾਇਆ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਾਏ ਮਾਰਗ 'ਤੇ ਚੱਲਣ ਲਈ ਕਿਹਾ। ਉਹਨਾਂ ਨੇ ਮੁੱਢਲੀ ਵਿੱਦਿਆ ਪੰਡਤ ਬਸੰਤ ਸਿੰਘ ਤੇ ਬਾਬਾ ਹਰਨਾਮ ਸਿੰਘ ਨਥਾਣੇ ਵਾਲਿਆਂ ਤੋਂ ਪ੍ਰਾਪਤ ਕੀਤੀ ਅਤੇ ਫਿਰ ਬਚਪਨ ਵਿੱਚ ਉਹਨਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪਾਠ ਕਰਨਾ ਸਿਖ ਲਿਆ ਸੀ। ਉਹਨਾਂ ਦੀ ਮਾਤਾ ਜੀ, ਸੰਤਾਂ ਨੂੰ ਕਿਵੇਂ ਮਰਯਾਦਾ ਵਿੱਚ ਪਰਪੱਕ ਕਰ ਰਹੀ ਸੀ ਅਤੇ ਕਿਵੇਂ ਮਰਯਾਦਾ ਨਿਭਾਈ ਜਾਂਦੀ ਹੈ, ਇਸ ਬਾਰੇ ਸੰਤਾਂ ਦੁਆਰਾ ਲਿਖੀ ਇਕ ਕਹਾਣੀ "ਬੋਰੀਆਂ ਵਾਲਾ" ਤੋਂ ਭਲੀ ਭਾਂਤ ਜ਼ਾਹਿਰ ਹੋ ਜਾਂਦੀ ਹੈ। ਸੰਤਾਂ ਦੇ ਬਚਪਨ ਸਮੇਂ ਇਕ ਨਾਮਧਾਰੀ ਸਿੱਖ ਬੋਰੀਆਂ ਵਾਲਾ ਉਹਨਾਂ ਦੇ ਪਿੰਡ ਆਇਆ ਕਰਦਾ ਸੀ, ਜਿਸਨੂੰ ਸੰਤ ਜੀ, ਛੋਟੇ ਹੁੰਦਿਆਂ ਬਹੁਤ ਪਿਆਰ ਕਰਦੇ ਅਤੇ ਉਸਨੂੰ ਘੁੱਟ ਕੇ ਜੱਫੀ ਪਾ ਲੈਂਦੇ। ਉਸ ਸੰਤ ਨਾਲ ਮਿਲਾਪ, ਸੰਤ ਇੰਦਰ ਸਿੰਘ ਜੀ ਦੀ ਲਿਖਤ ਵਿੱਚੋਂ ਪੜ੍ਹੋ :—

"ਓਹ ਮੈਨੂੰ ਬੜਾ ਪਿਆਰ ਕੀਤਾ ਕਰਦਾ, ਮੈਂ ਛੋਟਾ ਜਿਹਾ ਸਾਂ, ਅਜੇ ਮਸਾਂ ਪੰਜ ਗ੍ਰੰਥੀ ਪੜ੍ਹਦਾ ਹੁੰਦਾ ਸਾਂ, ਜਦੋਂ ਉਹ ਮੈਨੂੰ ਮਿਲਨ ਲਈ ਭੈਣੀ ਸਾਹਿਬ

ਤੋਂ ਚਲ ਕੇ ਮੇਰੇ ਪਿੰਡ ਆਇਆ ਕਰਦਾ ਸੀ। ਮੇਰੀ ਮਾਂ, ਜੋ ਕਿ ਨਾਮਧਾਰਨ ਸੀ ਅਤੇ ਰਹਿਤ ਮਰਯਾਦਾ ਦੀ ਪੱਕੀ ਹਾਮੀ ਸੀ, ਜੇਹੜੀ ਮੈਨੂੰ ਆਮ ਲੋਕਾਂ ਨਾਲ ਲੱਗਣੋਂ ਵੀ ਵਰਜਦੀ ਰਹਿੰਦੀ ਸੀ। ਪਰ ਇਹ ਜਦੋਂ ਸਾਡੇ ਘਰ ਔਂਦਾ, ਮੈਂ ਨੱਸ ਕੇ ਇਸਨੂੰ ਜੱਫੀ ਜਾ ਪਾਂਦਾ ਸਾਂ, ਓਹ ਕਿੰਨਾ ਕਿੰਨਾ ਚਿਰ ਮੇਰੀ ਕੰਡ ਤੇ ਹੱਥ ਫੇਰਦਾ ਰਹਿੰਦਾ ਅਤੇ ਮੂੰਹ ਵਿਚ ਕੁਝ ਬੁੜ-ਬੁੜਾਂਦਾ ਰਹਿੰਦਾ, ਉਸ ਜੱਫੀ ਵਿਚ ਮੈਨੂੰ ਇਕ ਖਾਸ ਤਰ੍ਹਾਂ ਦਾ ਰਸ ਜਿਹਾ, ਸੁਆਦ ਜਿਹਾ ਔਂਦਾ ਸੀ, ਜਿਸਨੂੰ ਮੈਂ ਨਾ ਓਦੋਂ ਸਮਝ ਸਕਦਾ ਸਾਂ ਨਾ ਅਜ ਦਸ ਸਕਦਾ ਹਾਂ।

ਕਈ ਕਈ ਵਾਰ ਜਦ ਉਸਨੂੰ ਸਾਡੇ ਪਿੰਡ ਆਇਆਂ ੧੫-੨੦ ਦਿਨ ਲੰਘ ਜਾਂਦੇ ਤਾਂ ਮੇਰਾ ਦਿਲ ਕੁਝ ਹੋਰਸ ਤਰ੍ਹਾਂ ਦਾ ਹੋ ਉੱਠਦਾ। ਫਿਰ ਹੈਰਾਨੀ ਇਹ ਕਿ ਮਾਂ ਨੇ ਮੈਨੂੰ ਉਸਦੇ ਨਾਲ ਲਗਣੋਂ ਕਦੀ ਨਹੀਂ ਸੀ ਵਰਜਿਆ। ਮਗਰੋਂ ਭਾਵੇਂ ਇਸ਼ਨਾਨ ਕਰਕੇ ਕੱਪੜੇ ਬਦਲ ਦਿੰਦੀ। ਪਰ ਓਦੋਂ ਕੁਝ ਨਹੀਂ ਸੀ ਆਂਹਦੀ। ਹਾਂ, ਜਿੰਨ੍ਹਾਂ ਭਾਂਡਿਆਂ ਵਿੱਚ ਕੋਈ ਕੁਸੰਗੀ ਪ੍ਰਸਾਦ ਛੱਕਦਾ, ਓਨ੍ਹਾਂ ਨੂੰ ਕਈ ਕਈ ਵਾਰ ਮਾਂਜਦੀ, ਅੱਗ ਵਿੱਚ ਪਾਂਦੀ, ਫਿਰ ਕਿਤੇ ਜਾ ਕੇ ਆਪਣੇ ਲੰਗਰ ਵਿੱਚ ਰੱਖਦੀ। ਮੈਂ ਜਦ ਪੁੱਛਦਾ- 'ਮਾਂ ! ਕੀ ਕਰਨੀ ਏਂ, ਇਹ ਭਾਂਡੇ ਏਨੀ ਵਾਰ ਕਿਉਂ ਮਾਂਜਦੀ ਏਂ ?' ਤਾਂ ਓਹ ਆਖਦੀ- "ਇਹ ਉਸੇ ਪ੍ਰੀਤਮ ਦੀ ਮਰਯਾਦਾ ਏ, ਜਿਸ ਪਿੱਛੇ ਇਹ ਪਾਗਲ ਹੋਇਆ ਫਿਰਦਾ ਏ। ਜਿਸ ਇਸਨੂੰ ਇਹੋ ਜਿਹਾ ਬਣਾਯਾ ਏ।"

ਓਹ ਸਾਰੀ ਸਾਰੀ ਰਾਤ ਕੋਠੇ 'ਤੇ ਚੜ੍ਹ ਕੇ ਆਪਣੀ ਲੈਯ ਵਿੱਚ ਉੱਚੀ ਅਵਾਜ਼ ਨਾਲ ਗਾਂਦਾ ਰਹਿੰਦਾ, ਉਸਦੇ ਉਸ ਗਾਣ ਵਿੱਚ ਦਰਦ ਅਤੇ ਸੋਜ਼ ਦੇ ਵਲਵਲਿਆਂ ਦੀਆਂ ਲਾਟਾਂ ਨਿਕਲਦੀਆਂ ਸਨ ਪਈਆਂ। ਜਿਨ੍ਹਾਂ ਨੂੰ ਸੁਣ ਕੇ ਅਸੀਂ ਕੂਕੇ ਹੀ ਨਹੀਂ, ਸਗੋਂ ਸਾਡਾ ਸਿਰ ਪਿੰਡ ਵੈਰਾਗੀ ਜਿਹਾ ਹੋ ਜਾਂਦਾ ਸੀ। ਉਸਦੇ ਦਰਦ ਫਿਰਾਕ ਦੀ ਇਹ ਸੱਦ- "ਤੂੰ ਮੈਨੂੰ ਭੁਲਦਾ ਨਹੀਂ, ਸੁਣ ਮੀਤ ਵੇ, ਤੈਂ ਕੀ ਸਿਰ ਪਾ ਲਿਆ ਮੇਰੇ, ਤੂੰ ਮੈਨੂੰ ਭੁਲਦਾ ਨਹੀਂ..." ਪੱਥਰਾਂ ਨੂੰ ਰੁਆ ਦਿੰਦੀ। ਮੇਰੀ ਬੁੱਢੀ ਮਾਂ ਦੀਆਂ ਅੱਖਾਂ ਵਿੱਚ ਪਾਣੀ ਆ ਜਾਂਦਾ। ਉਸ ਵੇਲੇ ਮੈਨੂੰ ਇਉਂ ਜਾਪਦਾ ਸੀ ਕਿ ਸਾਰੀ ਪ੍ਰਕਿਰਤੀ ਰੋ ਰਹੀ ਏ। ਚੰਨ ਰੋ ਰਿਹਾ ਏ, ਤਾਰੇ ਰੋ ਰਹੇ ਨੇ, ਕਈ ਵਾਰ ਤਾਂ ਉਸਦੇ ਬੋਲਣ ਨਾਲ ਮੋਰ ਵੀ

ਉਆਂ ਉਆਂ ਕਰ ਉੱਠਦੇ। ਕੋਇਲ ਵੀ ਓਨਾ ਚਿਰ ਕੂਹੂ ਕੂਹੂ ਕਰਦੀ ਰਹਿੰਦੀ, ਜਿੰਨਾ ਚਿਰ ਓਹ ਚੁਪ ਨਾ ਹੋ ਜਾਂਦਾ।"

ਇਸ ਪ੍ਰਕਾਰ ਆਪਣੀ ਮਾਤਾ ਜੀ ਤੋਂ ਬਿਨਾਂ ਸੰਤ ਇੰਦਰ ਸਿੰਘ ਜੀ ਨੂੰ ਅਨੇਕ ਐਸੇ ਮਸਤਾਨੇ ਗੁਰਸਿੱਖਾਂ ਦੇ ਦਰਸ਼ਨ ਨਸੀਬ ਹੋਏ ਅਤੇ ਪਿਆਰ ਮਿਲਿਆ, ਜਿਹਨਾਂ ਦੀ ਮਿਹਰ ਸਦਕਾ ਉਹ ਸਫਲ ਸਾਹਿਤਕਾਰ ਬਣੇ ਅਤੇ ਕਲਮ ਅਜ਼ਮਾਈ ਦੇ ਉਹ ਜੌਹਰ ਦਿਖਾਏ ਕਿ ਅੱਜ ਕੱਲ੍ਹ ਦੇ ਪੀ.ਐਚ.ਡੀ. ਤੇ ਐਮ.ਫਿਲ ਦੀਆਂ ਡਿਗਰੀਆਂ ਪ੍ਰਾਪਤ ਵਿਦਵਾਨ ਸੰਤਾਂ ਦੀ ਵਿਦਵਤਾ ਅੱਗੇ ਨਤ ਮਸਤਕ ਹੋ ਜਾਂਦੇ ਹਨ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਆਉਣਾ –

੧੯੦੬ ਈਸਵੀ ਵਿੱਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਦੇਹ ਦਾ ਉਹਲਾ ਕੀਤਾ ਤਾਂ ਵੱਡੇ ਪ੍ਰਤਾਪ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਹਿਰਾ ਹੋਇਆ, ਜਿੱਥੇ ਅੱਗੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਸਿੱਖ ਰਿਆਸਤਾਂ ਅਤੇ ਅੰਗ੍ਰੇਜ਼ੀ ਰਾਜ ਦਾ ਜ਼ੁਲਮ ਨਾਮਧਾਰੀ ਪੰਥ 'ਤੇ ਪ੍ਰਚੰਡ ਰੂਪ ਵਿੱਚ ਰਿਹਾ ਸੀ, ਉਹ ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਮੱਧਮ ਹੋ ਗਿਆ। ਨਾਮਧਾਰੀਆਂ ਲਈ ਅਣਖ ਨਾਲ ਜੀਊਣ ਦਾ ਸਮਾਂ ਆ ਗਿਆ। ਇਸ ਤੋਂ ਪਹਿਲਾਂ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਬਰਮਾ ਦੇਸ਼ ਵਲ ਜਲਾਵਤਨ ਕੀਤਾ ਸੀ, ਤਾਂ ਉਸ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਅਖੰਡ ਪਾਠ ਕਰਨਾ ਨਾਮਧਾਰੀਆਂ ਲਈ ਵਿਵਰਜਤ ਹੋ ਗਿਆ ਸੀ। ਜੇ ਕਿਧਰੇ ਸਰਕਾਰ ਨੂੰ ਪਤਾ ਲਗ ਜਾਂਦਾ ਕਿ ਨਾਮਧਾਰੀ ਚੋਰੀ ਛੁਪੇ ਅਖੰਡ ਪਾਠ ਕਰ ਰਹੇ ਹਨ ਤਾਂ ਉਹਨਾਂ 'ਤੇ ਸਰਕਾਰੀ ਕਹਿਰ ਨਾਜ਼ਲ ਹੋ ਜਾਂਦਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਤਾਪ ਸਦਕਾ ਨਾਮਧਾਰੀਆਂ 'ਤੇ ਉਹ ਸਾਰੀਆਂ ਪਾਬੰਦੀਆਂ ਖ਼ਤਮ ਹੋ ਗਈਆਂ, ਸਤਿਗੁਰਾਂ ਦੀ ਕਿਰਪਾ ਸਦਕਾ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਸਵਾ ਲੱਖ ਪਾਠ, ਦਸਮ ਗ੍ਰੰਥ ਦੇ ਪਾਠ, ਚੰਡੀ ਦੀ ਵਾਰ ਦੇ ਪਾਠ ਅਨੇਕ ਵਾਰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਕਰਵਾਏ ਜੋ ਕਿ ਇਕ ਰਿਕਾਰਡ ਹੈ ਅਤੇ ਏਨੀ ਗਿਣਤੀ ਵਿੱਚ ਪਾਠ ਕਦੇ

ਵੀ ਸਿੱਖ ਪੰਥ ਵਿੱਚ ਨਹੀਂ ਹੋਏ ਹਨ। ਸਤਿਗੁਰਾਂ ਦੀ ਕਿਰਪਾ ਸਦਕਾ ਮਹਾਰਾਜ ਗੁਰਦਿਆਲ ਸਿੰਘ ਜੀ ਨਾਲ ਸੰਤ ਇੰਦਰ ਸਿੰਘ ਚਕਰਵਰਤੀ ਜੀ ਨੇ ਦੇਸ਼ ਦੀ ਆਜ਼ਾਦੀ ਦੀ ਜੰਗ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਾਂਗਰਸ ਪਾਰਟੀ ਦਾ ਸਾਥ ਦੇਣਾ ਸ਼ੁਰੂ ਕੀਤਾ।

ਇਹੋ ਯੋਗ ਸਮਾਂ ਸੀ ਕਿ ਨਾਮਧਾਰੀ ਇਤਿਹਾਸ ਤੇ ਸਾਹਿਤ ਦੀ ਸੰਭਾਲ ਕੀਤੀ ਜਾਂਦੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮੇਂ ਦੀ ਨਬਜ਼ ਨੂੰ ਪਛਾਣ ਕੇ ਸਾਹਿਤ ਦੀ ਸੰਭਾਲ ਵਲ ਉਚੇਚਾ ਧਿਆਨ ਦੇਣਾ ਸ਼ੁਰੂ ਕੀਤਾ। ੧੯੨੦ ਈਸਵੀ ਵਿੱਚ ਵਰਨਾਂ ਦੇ ਹੋਲੇ ਤੇ ਸਤਿਗੁਰੂ ਜੀ ਦੇ ਹੁਕਮ ਨਾਲ ਮਹਾਰਾਂਜ ਗੁਰਦਿਆਲ ਸਿੰਘ ਜੀ ਨੇ 'ਸਤਿਜੁਗ' ਅਖ਼ਬਾਰ ਦਾ ਪਹਿਲਾ ਅੰਕ ਪ੍ਰਕਾਸ਼ਤ ਕੀਤਾ। ਉਸ ਸਮੇਂ ਤਕ ਅਜੇ ਐਸੇ ਗੁਰਮੁਖ ਪਿਆਰੇ ਮੌਜੂਦ ਸਨ ਜਿਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ ਹੋਏ ਸਨ, ਹੁਣ ਉਹਨਾਂ ਤੋਂ ਢੂੰਡ ਭਾਲ ਕਰਕੇ ਅਤੇ ਇਤਿਹਾਸਕ ਸਰੋਤਾਂ ਨਾਲ ਮੇਲ ਕਰਕੇ ਨਾਮਧਾਰੀ ਇਤਿਹਾਸ ਨੂੰ ਕਲਮ ਦੀ ਨੋਕ ਹੇਠ ਲਿਆਂਦਾ ਜਾਣ ਲੱਗਾ। ਸੰਤ ਇੰਦਰ ਸਿੰਘ ਚਕਰਵਰਤੀ ਜੀ ਨੇ ਇਸ ਪਾਸੇ ਉਚੇਚਾ ਧਿਆਨ ਦਿੱਤਾ। ਪਹਿਲੀ ਵਾਰ 'ਸਤਿਜੁਗ' ਅਖ਼ਬਾਰ ਦਾ ੨੨ ਮਾਘ ੧੯੮੬ ਬਿਕਰਮੀ (੧੯੩੦ ਈਸਵੀ) ਨੂੰ ਬਸੰਤ ਅੰਕ ਪ੍ਰਕਾਸ਼ਤ ਹੋਇਆ, ਜਿਸਦੇ ਸੰਪਾਦਕ ਸੰਤ ਜੀ ਆਪ ਸਨ, ਉਸ ਵਿੱਚ ਸੰਤੇ ਜੀ ਦਾ ਵਡ ਆਕਾਰੀ ਲੇਖ 'ਗੁਰ ਅਵਤਾਰ' ਸਫਾ ੭ ਤੋਂ ਲੈ ਕੇ ਸਫਾ ੬੧ ਤਕ ਛਪਿਆ ਸੀ। ਜਿਸਦਾ ਆਕਾਰ ਇਕ ਛੋਟੀ ਪੁਸਤਕ ਜਿੰਨਾ ਹੈ, ਜਿਸ ਵਿੱਚ ਉਹਨਾਂ ਨੇ ਦਸਮ ਪਾਤਸ਼ਾਹ ਜੀ ਤੋਂ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤਕ ਨਾਮਧਾਰੀ ਇਤਿਹਾਸ ਨੂੰ ਬੜੇ ਵੇਰਵੇ ਸਹਿਤ ਲਿਖਿਆ ਹੈ। ਕਿੰਨਾ ਚੰਗਾ ਹੋਵੇ ਜੇਕਰ ਉਸ ਲੇਖ ਨੂੰ ਇਕ ਛੋਟੀ ਪੁਸਤਕ ਦੇ ਰੂਪ ਵਿੱਚ ਪ੍ਰਕਾਸ਼ਤ ਕੀਤਾ ਜਾਵੇ। ਉਪਰੋਕਤ ਬਸੰਤ ਅੰਕ ਤੋਂ ਬਿਨਾਂ ਉਹਨਾਂ ਨੇ 'ਸਤਿਜੁਗ' ਅਖ਼ਬਾਰ ਦੇ ਅਨੇਕ ਸਾਧਾਰਨ ਤੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕਰਵਾਏ ਅਤੇ ਅਨੇਕ ਵਿਦਵਤਾ ਪੂਰਵਕ ਲੇਖ ਲਿਖ ਕੇ ਨਾਮਧਾਰੀ ਸਾਹਿਤ ਤੇ ਇਤਿਹਾਸ ਦੀ ਸੰਭਾਲ ਕੀਤੀ।

ਸੰਤ ਜੀ ਦੁਆਰਾ ਸੰਪਾਦਤ ਕੀਤੀਆਂ ਪੁਸਤਕਾਂ ਦਾ ਵੇਰਵਾ –

ਸੰਤ ਇੰਦਰ ਸਿੰਘ ਚਕਰਵਰਤੀ ਜੀ ਪਹਿਲੇ ਨਾਮਧਾਰੀ ਵਿਦਵਾਨ ਸਨ ਤੇ ਹਨ ਜਿਹਨਾਂ ਨੇ ਨਾਮਧਾਰੀ ਸਾਹਿਤ ਦੀ ਸਾਂਭ ਸੰਭਾਲ ਤੋਂ ਬਿਨਾਂ ਹੋਰ ਵੀ ਸਿੱਖ ਸੰਪ੍ਰਦਾਵਾਂ ਲਈ ਕੰਮ ਕੀਤਾ। ਉਹ ਕਾਫ਼ੀ ਸਮਾਂ ਪੈਪਸੂ ਰਾਜ ਦੇ ਭਾਸ਼ਾ ਵਿਭਾਗ ਵਿੱਚ ਭਾਸ਼ਾ ਵਿਗਿਆਨੀ ਵੱਜੋਂ ਕੰਮ ਕਰਦੇ ਰਹੇ ਸਨ ਅਤੇ ਅਨੇਕ ਪੁਸਤਕਾਂ ਤਿਆਰ ਕੀਤੀਆਂ ਸਨ। ਉਹਨਾਂ ਵੱਲੋਂ ਸੰਪਾਦਤ ਕੀਤੀਆਂ ਪੁਸਤਕਾਂ ਦਾ ਕੁਝ ਵੇਰਵਾ ਇਸ ਪ੍ਰਕਾਰ ਹੈ :–

(ੳ) ਮਸਲੇ ਸ਼ੇਖ਼ ਫਰੀਦ ਕੇ :–

ਇਹ ਪੁਸਤਕ ਸੰਤਾਂ ਨੂੰ ਜ਼ਿਲ੍ਹਾ ਬਠਿੰਡਾ ਦੇ ਪਿੰਡ ਮਾਈਸਰ ਖਾਨਾ ਤੋਂ ਪ੍ਰਾਪਤ ਹੋਈ ਸੀ। ਉਸ ਪੁਸਤਕ ਵਿੱਚ ਬਾਬਾ ਫਰੀਦ ਜੀ ਨਾਲ ਸੰਬੰਧਤ ਸਾਖੀਆਂ ਅਤੇ ਆਦਿ ਗ੍ਰੰਥ ਸਾਹਿਬ ਅਤੇ ਬਾਹਰਲੀ ਬਾਣੀ ਸ਼ਾਮਲ ਕੀਤੀ ਗਈ ਹੈ. ਇਸ ਪੁਸਤਕ ਦੀ ਰਚਨਾ ੧੬੫੩–੫੪ ਈਸਵੀ ਵਿੱਚ ਕੀਤੀ ਗਈ ਸੀ. ਇਸਨੂੰ ਭਾਸ਼ਾ ਵਿਭਾਗ ਪੰਜਾਬ ਨੇ ੧੯੬੨ ਵਿੱਚ ਪ੍ਰਕਾਸ਼ਤ ਕੀਤਾ। ਸੰਤਾਂ ਨੇ ੯ ਸਫੇ ਦੀ ਵਿਦਵਤਾ ਭਰਪੂਰ ਉਸਦੀ ਭੂਮਿਕਾ ਲਿਖੀ ਸੀ।

(ਅ) ਨਿਰਮਲ ਪੰਥ ਪ੍ਰਦੀਪਕਾ :–

ਇਹ ਪੁਸਤਕ ਗਿਆਨੀ ਗਿਆਨ ਸਿੰਘ ਜੀ ਰਚਿਤ ਹੈ ਜੋ ਪਹਿਲੀ ਵਾਰ ੧੮੭੧ ਈਸਵੀ ਵਿੱਚ ਛਪੀ ਸੀ। ਉਸ ਵਿੱਚ ਗਿਆਨੀ ਗਿਆਨ ਸਿੰਘ ਨੇ ਅਤਿ ਸੰਖੇਪ ਤੇ ਭਾਵਪੂਰਤ ਸ਼ਬਦਾਂ ਵਿਚ ਨਿਰਮਲੇ ਸੰਤਾਂ ਦਾ ਇਤਿਹਾਸ ਅਤੇ ਉਹਨਾਂ ਦੇ ਡੇਰਿਆਂ ਦਾ ਇਤਿਹਾਸ ਲਿਖਿਆ ਸੀ। ੧੯੬੨ ਈਸਵੀ ਵਿੱਚ ਨਿਰਮਲ ਪੰਚਾਇਤੀ ਅਖਾੜਾ ਕਨਖਲ ਵਾਲਿਆਂ ਨੇ ਇਹ ਪੁਸਤਕ ਸੰਤਾਂ ਕੋਲੋਂ ਸੰਪਾਦਤ ਕਰਵਾਈ ਸੀ. ਇਸ ਪੁਸਤਕ ਦੇ ੮੮ ਸਫੇ ਹਨ ਅਤੇ ਇਸਦੀ ਕੀਮਤ ਇਕ ਰੁਪਿਆ ਚਾਰ ਆਨੇ ਰੱਖੀ ਗਈ ਸੀ।

(ੲ) ਪੈਂਤੀਸ ਅੱਖਰੀ :–

ਇਹ ਰਚਨਾ ਸੰਤ ਬਾਬਾ ਕਾਹਲਾ ਸਿੰਘ ਜੀ ਦੀ ਰਚਨਾ ਹੈ, ਸੰਤ ਬਾਬਾ ਕਾਹਲਾ ਸਿੰਘ ਦਾ ਨਾਮਧਾਰੀ ਸਾਹਿਤ ਵਿਚ ਆਪਣਾ ਹੀ ਨਿਵੇਕਲਾ ਸਥਾਨ ਹੈ, ਉਹਨਾਂ ਨੇ ਨਾਮਧਾਰੀਆਂ ਦਾ ਪੰਥ ਪ੍ਰਕਾਸ਼ ਆਦਿ ਗਰੰਥ ਦੀ ਰਚਨਾ ਕਰਕੇ ਆਪਣੇ ਤਰੀਕੇ ਨਾਲ ਨਾਮਧਾਰੀ ਇਤਿਹਾਸ ਦੀ ਸੰਭਾਲ ਕੀਤੀ। ਪਹਿਲੀ ਵਾਰ ਸੰਤ ਇੰਦਰ ਸਿੰਘ ਜੀ ਨੇ ੨੨ ਵੈਸਾਖ ੧੯੮੫ (੧੯੨੮ ਈਸਵੀ) ਨੂੰ ਸ੍ਰੀ ਭੈਣੀ ਸਾਹਿਬ ਤੋਂ ਸੰਪਾਦਿਤ ਕਰਕੇ ਪ੍ਰਕਾਸ਼ਤ ਕਰਵਾਇਆ ਸੀ, ਉਸ ਰਚਨਾ ਦੇ ਭੂਮਿਕਾ ਤੋਂ ਬਿਨਾਂ ੧੫ ਸਫੇ ਹਨ।

(ਸ) ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ੧੨ਵੀਂ :–

ਇਹ ਰਚਨਾ ਕਾਵਿ ਗ੍ਰੰਥ ਹੈ, ਜਿਸਨੂੰ ਸੰਤ ਧਿਆਨ ਸਿੰਘ ਜੀ ਕਾਦਰਾਬਾਦ ਵਾਲਿਆਂ ਨੇ ਰਚਿਆ ਸੀ। ਪਹਿਲੀ ਵਾਰ ਸੰਤ ਇੰਦਰ ਸਿੰਘ ਚਕਰਵਰਤੀ ਨੇ ੧੦ ਫੱਗਣ ੧੯੯੯ ਬਿ: ਨੂੰ ਸੰਪਾਦਤ ਕਰਕੇ ਪ੍ਰਕਾਸ਼ਤ ਕਰਵਾਇਆ ਸੀ ਅਤੇ ਸਤ ਸਫੇ ਦੀ ਵਿਦਵਤਾ ਭਰਪੂਰ ਭੂਮਿਕਾ ਲਿਖੀ ਸੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਨਾਮਧਾਰੀ ਦਰਬਾਰ ਨੇ ਹੁਣ ਫਿਰ ਇਸ ਸਾਲ ਇਹ ਦੁਰਲਭ ਗ੍ਰੰਥ ਦੀ ਮੁੜ ਪ੍ਰਕਾਸ਼ਨਾ ਕੀਤੀ ਹੈ। ਇਸ ਪੁਸਤਕ ਦੇ ੧੩੬ ਸਫੇ ਹਨ।

(ਹ) ਗੋਸ਼ਟੀਆਂ :–

'ਗੋਸ਼ਟੀਆਂ' ਪੁਸਤਕ ਨੂੰ ਭਾਸ਼ਾ ਵਿਭਾਗ ਪੰਜਾਬ ਨੇ ੧੯੭੦ ਈਸਵੀ ਵਿੱਚ ਪ੍ਰਕਾਸ਼ਤ ਕੀਤਾ ਸੀ, ਸੰਤਾਂ ਨਾਲ ਇਸ ਪੁਸਤਕ ਦੇ ਸਹਿ ਸੰਪਾਦਕ ਸਮਸ਼ੇ ਰ ਸਿੰਘ ਅਸ਼ੋਕ ਜੀ ਸਨ। ਇਸ ਪੁਸਤਕ ਵਿਚ ੧੬ ਗੋਸ਼ਟਾਂ ਪ੍ਰਕਾਸ਼ਤ ਹੋਈਆਂ ਹਨ, ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹਨ– 1. ਗੋਸ਼ਟੀ ਬਾਬੇ ਨਾਨਕ ਜੀ ਦੀ 2. ਗੋਸ਼ਟਿ ਬਾਬੇ ਨਾਨਕ ਕੀ ਸਿਖ ਨਾਲ ਹੋਈ 3. ਗੋਸ਼ਟਿ ਸ਼ਾਹ ਸ਼ਰਫ ਨਾਲ 4. ਗੁਰੂ ਨਾਨਕ ਦੀ ਗੋਸ਼ਟਿ 5. ਮੱਕੇ ਦੀ ਗੋਸ਼ਟਾਂ 6. ਗੋਸ਼ਟਿ ਬਾਬੇ

ਨਾਨਕ ਜੀ ਕੀ ਕਬੀਰ ਨਾਲਿ ਕੀਤੀ 7. ਗੋਸ਼ਟਿ ਗੋਬਿੰਦ ਲੋਕਾਂ ਕੀ 8. ਗੋਸ਼ਟਿ ਗੁਰੂ ਨਾਨਕ ਅਤੇ ਭਰਥਰੀ 9. ਬਾਣੀ ਬਿਹੰਗਮ 10. ਗੋਸ਼ਟਿ ਗੁਰੂ ਬਾਬੇ ਜੀ ਕੀ ਬਾਬੇ ਲਾਲ ਨਾਲਿ ਹੋਈ 11. ਸਿਧ ਗੋਸ਼ਟਿ 12. ਗੋਸ਼ਟਿ ਡਾਖਣੀ ਪੀਰ ਮੁਰੀਦ ਕੀ 13. ਮਸਲਾ ਮੂਸੇ ਪੈਗੰਬਰ ਕਾ 14. ਮਸਲਾ ਹਸਨ ਹੁਸੈਨ ਕਾ 15. ਗੋਸ਼ਟਿ ਮਾਰਫਤ ਕੀ 16. ਗੁਫਤਾਰ ਸਾਦਕਾ ਕੀ

ਇਹ ਪੁਸਤਕ ਦੇ ੨੫੨ ਸਫ਼ੇ ਹਨ।

ਸਫਲ ਪੱਤਰਕਾਰ : ਸੰਤ ਇੰਦਰ ਸਿੰਘ ਚਕਰਵਰਤੀ—

ਸੰਤ ਇੰਦਰ ਸਿੰਘ ਜੀ ਪੰਜਾਬੀ ਦੇ ਸਫਲ ਪੱਤਰਕਾਰ ਸਨ, ਉਹਨਾਂ ਨੇ ਆਪਣੇ ਜੀਵਨ ਵਿੱਚ ਅਨੇਕ ਪੱਤਰਾਂ ਦੀ ਸੰਪਾਦਨਾ ਕੀਤੀ ਅਤੇ ਆਪਣੇ ਵਿਦਵਤਾ ਭਰਪੂਰ ਲੇਖਾਂ ਨਾਲ ਸਾਹਿਤ ਜਗਤ ਨੂੰ ਚਕਾਚੌਂਧ ਕਰੀ ਰੱਖਿਆ। ਉਹਨਾਂ ਨੇ ਸਾਹਿਤਕ ਪੱਧਰ ਦੀਆਂ ਲਿਖਤਾਂ ੧੯੧੮ ਈਸਵੀ ਤੋਂ ਲਿਖਣੀਆਂ ਸ਼ੁਰੂ ਕੀਤੀਆਂ, ਉਹਨਾਂ ਦੀਆਂ ਲਿਖਤਾਂ ਨੂੰ ਪੜ੍ਹਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਬਹੁਤ ਪ੍ਰਸੰਨ ਹੋਏ ਅਤੇ ਫਿਰ ਉਹਨਾਂ ਦੀ ਕਿਰਪਾ ਸਦਕਾ ਸੰਤ ਜੀ ੧੯੨੭ ਈਸਵੀ ਵਿੱਚ 'ਸਤਿਜੁਗ' ਅਖ਼ਬਾਰ ਦੇ ਸੰਪਾਦਕੀ ਮੰਡਲ ਵਿੱਚ ਆ ਗਏ ਅਤੇ ੧੯੩੯ ਅਈਸਵੀ ਤਕ ਉਹ 'ਸਤਿਜੁਗ' ਅਖ਼ਬਾਰ ਦੇ ਸੰਪਾਦਕ ਰਹੇ, ਉਸ ਸਮੇਂ ਦੁਰਾਨ ਉਹਨਾਂ ਨੇ ਬਸੰਤ ਅੰਕਾਂ ਵਿਚ ਆਪਣੇ ਵਿਦਵਤਾ ਭਰਪੂਰ ਲੇਖ ਤੇ ਕਹਾਣੀਆਂ— ਗੁਰ ਅਵਤਾਰ, ਅਪੂਰਬ ਬਲੀਦਾਨ ਜੀਵਾਲਣਹਾਰ ਸਤਿਗੁਰੂ, ਚੋਜੀ ਪ੍ਰੀਤਮ, ਚੀਨੀ ਅਸਵਾਰ ਆਦਿ ਦੀ ਰਚਨਾ ਕੀਤੀ ਜਿਹਨਾਂ ਨੂੰ ਅਜ ਵੀ ਪਾਠਿਕ ਬੜੇ ਚਾਅ ਤੇ ਰੌਚਿਕਤਾ ਨਾਲ ਪੜ੍ਹਦੇ ਹਨ। ਉਹਨਾਂ ਦੀ ਕਹਾਣੀ "ਅਪੂਰਬ ਬਲੀਦਾਨ" ਨੇ ਤਾਂ ਨਾਮਧਾਰੀ ਪ੍ਰੈੱਸ ਤੇ ਸਰਕਾਰੀ ਕਹਿਰ ਨਾਜ਼ਲ ਕਰ ਦਿੱਤਾ ਸੀ ਅਤੇ 'ਸਤਿਜੁਗ' ਅਖ਼ਬਾਰ ਦਾ ਉਹ ਅੰਕ ਭਾਵ ੧੦ ਮਾਘ ੧੯੯੨ (੧੯੩੬ ਈਸਵੀ) ਦਾ ਬਸੰਤ ਅੰਕ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ।

'ਸਤਿਜੁਗ' ਤੋਂ ਬਿਨਾਂ ਉਹਨਾਂ ਨੇ 'ਪਰਜਾ ਮਿੱਤਰ' ਨਾਂ ਦਾ ਸਪਤਾਹਿਕ

ਅਖ਼ਬਾਰ ਆਪ ਹੀ ਚਲਾਇਆ ਅਤੇ ਫਿਰ ਸਮਾਜ ਵਿੱਚੋਂ ਕੁਰੀਤੀਆਂ ਦੂਰ ਕਰਨ ਲਈ 'ਵਿਹਾਰ ਸੁਧਾਰ' ਨਾਮ ਦਾ ਮਾਸਿਕ ਰਸਾਲਾ ਵੀ ਕੁਝ ਸਮੇਂ ਤਕ ਪ੍ਰਕਾਸ਼ਤ ਕੀਤਾ। ਇਸ ਤੋਂ ਬਿਨਾਂ 'ਪ੍ਰੀਤ ਸੈਨਿਕ', 'ਲੋਕ ਰਾਇ', 'ਪ੍ਰਹ ਫੁਟੀ' ਅਤੇ 'ਜੀਵਨ ਪ੍ਰੀਤੀ' ਸਮਾਚਾਰ ਪੱਤਰਾਂ ਦੇ ਵੀ ਸੰਪਾਦਕ ਰਹੇ। ੧੯੬੪ ਈਸਵੀ ਵਿੱਚ ਉਹਨਾਂ ਨੇ ਭਾਸ਼ਾ ਵਿਭਾਗ ਪੰਜਾਬ ਦੀ ਨੌਕਰੀ ਛੱਡ ਦਿੱਤੀ. ੧੯੪੭ ਈਸਵੀ ਉਹ ਭਾਸ਼ਾ ਵਿਗਿਆਨੀ ਦੀ ਪੋਸਟ 'ਤੇ ਨਿਯੁਕਤ ਹੋਏ ਸਨ ਪ੍ਰੰਤੂ ੧੯੬੪ ਈਸਵੀ ਵਿੱਚ ਰਿਟਾਇਰਮੈਂਟ ਤੋਂ ਪਹਿਲਾਂ ਹੀ ਉਹ ਅਸਤੀਫ਼ਾ ਦੇ ਕੇ ਦਿੱਲੀ ਚਲੇ ਗਏ।

ਦਿੱਲੀ ਜਾਣ ਦਾ ਕਾਰਨ ਇਹ ਸੀ ਕਿ ਉਹਨਾਂ ਦਿਨਾਂ ਵਿੱਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਪੁਸਤਕ 'ਸਿੱਖ ਇਤਿਹਾਸ' ਪ੍ਰਕਾਸ਼ਤ ਕੀਤੀ ਸੀ ਜਿਸ ਵਿੱਚ ਨਾਮਧਾਰੀ ਪੰਥ ਦੇ ਖ਼ਿਲਾਫ਼ ਬਹੁਤ ਕੁਝ ਲਿਖਿਆ ਹੋਇਆ ਸੀ. ਜਿਸਨੂੰ ਕੋਈ ਪੰਥ ਦਰਦੀ ਬਰਦਾਸ਼ਤ ਨਹੀਂ ਸੀ ਕਰ ਸਕਦਾ. ਸੰਤ ਚਕਰਵਰਤੀ ਜੀ ਦੀ ਲਿਖਤ ਅਨੁਸਾਰ ਸਰਦਾਰ ਹਰੀ ਸਿੰਘ ਕਰੀਵਾਲਾ ਤੇ ਸਰਦਾਰ ਅਵਤਾਰ ਸਿੰਘ ਜੀਵਨ ਨਗਰ ਇਲਾਕੇ ਤੋਂ ਪਟਿਆਲੇ ਸੰਤਾਂ ਕੋਲ ਗਏ ਅਤੇ ਉਹਨ੍ਹਾਂ ਤੋਂ ਸਿੱਖੀ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਪ੍ਰੇਰ ਲਿਆ (ਅਧਿਕ ਵਿਸਥਾਰ ਲਈ ਦੇਖੋ ਪ੍ਰਦੇਸੀ ਪ੍ਰੀਤਮ ਰਿਸਾਲੇ ਦਾ ਅਗਸਤ ੧੯੬੪ ਦਾ ਅੰਕ. ਸਫ਼ਾ ੫੩–੫੪) ਸੰਤਾਂ ਦੇ ਸਿੱਖੀ ਜੋਸ਼ ਨੇ ਉਬਾਲਾ ਖਾਧਾ ਤੇ ਉਹਨਾਂ ਨੇ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਦਿੱਲੀ ਤੋਂ 'ਪ੍ਰਦੇਸੀ ਪ੍ਰੀਤਮ' ਮਾਸਿਕ ਰਿਸਾਲਾ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ. ਜਿਸ ਵਿੱਚ ਉਹਨਾਂ ਦੇ ਹਰ ਮਹੀਨੇ ਖੋਜ ਭਰਪੂਰ ਲੇਖ ਛਪਿਆ ਕਰਦੇ ਸਨ।

ਸੰਤ ਇੰਦਰ ਸਿੰਘ ਜੀ ਇਕ ਸਫਲ ਕੋਸ਼ਕਾਰ –

ਉਹ ੧੯੪੭ ਈਸਵੀ ਵਿੱਚ ਨਵੇਂ ਬਣੇ ਪੈਪਸੂ ਰਾਜ ਦੇ ਭਾਸ਼ਾ ਵਿਭਾਗ ਵਿੱਚ ਭਾਸ਼ਾ ਵਿਗਿਆਨੀ ਦੀ ਪੋਸਟ 'ਤੇ ਨਿਯੁਕਤ ਹੋਏ ਅਤੇ ਪੰਜਾਬੀ ਭਾਸ਼ਾ

ਦੀ ਉੱਨਤੀ ਲਈ ਖੋਜ ਕਾਰਜ ਵਿੱਚ ਜੁਟ ਗਏ। ਉਹਨਾਂ ਦਾ ਸਭ ਤੋਂ ਵੱਧ ਮਹੱਤਵਪੂਰਨ ਕਾਰਜ 'ਹਿੰਦੀ ਪੰਜਾਬੀ ਕੋਸ਼' ਹੈ ਜਿਸ ਵਿੱਚ ਉਹਨਾਂ ਨੇ ੬੦,੦੦੦ ਹਿੰਦੀ ਸ਼ਬਦਾਂ ਦੇ ਸਰਲ ਸੁਬੋਧ ਪੰਜਾਬੀ ਭਾਸ਼ਾ ਵਿੱਚ ਦਿੱਤੇ ਹਨ। ਉਸ ਕਾਰਜ ਨੂੰ ਉਹਨਾਂ ਨੇ ਸਰਕਾਰੀ ਡਿਊਟੀ ਨਹੀਂ ਸਮਝਿਆ, ਸਗੋਂ ਆਪਣਾ ਨੈਤਿਕ ਫ਼ਰਜ਼ ਸਮਝ ਕੇ ਦਿਨ ਰਾਤ ਮਿਹਨਤ ਕਰਕੇ ਉਸਨੂੰ ਸੰਪੂਰਨ ਕੀਤਾ। ਸਰਕਾਰ ਵਲੋਂ ਉਹਨਾਂ ਨੂੰ ਅਮਰ ਨਾਥ ਸ਼ਾਸ਼ਤਰੀ ਸਹਾਇਕ ਵਜੋਂ ਮਿਲਿਆ ਹੋਇਆ ਸੀ, ਜਿਸ ਨਾਲ ਸੰਤ ਜੀ ਪ੍ਰਤੀ ਦਿਨ ਸੱਤ ਅੱਠ ਘੰਟੇ ਬੈਠ ਕੇ ਕੰਮ ਕਰਦੇ, ਕਦੇ ਇਕ ਦਿਨ ਵਿਚ ਤਿੰਨ ਸੌ ਅਤੇ ਕਦੇ ਚਾਰ ਸੌ ਤਕ ਸ਼ਬਦ ਵੀ ਨਿਬੇੜ ਲੈਂਦੇ ਸਨ ਅਤੇ ਉਸ ਕਠਿਨ ਕਾਰਜ ਨੂੰ ਸਿਦਕ ਦਿਲੀ ਨਾਲ ਤੋੜ ਨਿਭਾਇਆ। ਉਸ ਕੋਸ਼ ਦੀ ਭੂਮਿਕਾ ਵਿੱਚ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਜੀ ਨੇ ਲਿਖਿਆ ਸੀ–

"ਇਸ ਕੋਸ਼ ਦੀ ਤਿਆਰੀ ਦਾ ਸਿਹਰਾ ਸੰਤ ਇੰਦਰ ਸਿੰਘ ਚਕਰਵਰਤੀ ਉਪਬੋਲੀ ਮਾਹਰ ਮਹਿਕਮਾ ਪੰਜਾਬੀ ਦੇ ਸਿਰ ਹੈ, ਜਿਨ੍ਹਾਂ ਨੇ ਇਸ ਕੰਮ ਨੂੰ ਕੇਵਲ ਸਰਕਾਰੀ ਡਿਊਟੀ ਹੀ ਨਹੀਂ ਸਮਝਿਆ ਬਲਕਿ ਦਿਨ ਰਾਤ ਇਕ ਕਰਕੇ ਇਸਨੂੰ ਛੇਤੀ ਤੋਂ ਛੇਤੀ ਸਿਰੇ ਚਾੜ੍ਹਨ ਦਾ ਯਤਨ ਕੀਤਾ ਹੈ। ਇਹਨਾਂ ਦੀ ਇਹ ਲਗਨ ਤੇ ਮਿਹਨਤ ਬੜੀ ਸ਼ਲਾਘਾਯੋਗ ਹੈ।"

ਉਪਰੋਕਤ ਕੋਸ਼ ਤੋਂ ਬਾਅਦ ਉਹਨਾਂ ਨੇ "ਪੁਆਧੀ ਸ਼ਬਦ ਕੋਸ਼" ਵੀ ਤਿਆਰ ਕੀਤਾ ਸੀ, ਜਿਸਨੂੰ ਭਾਸ਼ਾ ਵਿਭਾਗ ਪੰਜਾਬ ਨੇ ੧੯੫੨ ਈ: ਵਿੱਚ ਪ੍ਰਕਾਸ਼ਿਤ ਕਰਕੇ ਵਿਦਵਾਨ ਖੋਜੀਆਂ ਦੀ ਮੰਗ ਨੂੰ ਪੂਰਾ ਕੀਤਾ ਸੀ। ਇਸ ਕਾਰਜ ਨਾਲ ਸੰਤ ਜੀ ਦਾ ਨਾਮ ਹਮੇਸ਼ਾ ਲਈ ਸਾਹਿਤ ਜਗਤ ਵਿਚ ਅਮਰ ਹੋ ਗਿਆ ਹੈ।

ਸੰਤ ਇੰਦਰ ਸਿੰਘ ਜੀ ਇਕ ਸੁਜਾਨ ਕਵੀ–

ਪੰਜਾਬੀ ਵਾਰਤਕ ਦੇ ਲਿਖਾਰੀ ਹੋਣ ਦੇ ਨਾਲ ਸੰਤ ਜੀ ਇਕ ਉੱਚ ਕੋਟੀ ਦੇ ਕਵੀ ਵੀ ਸਨ, ਉਹਨਾਂ ਦੀ ਕਵਿਤਾ ਵਲਵਲੇ ਭਰਪੂਰ ਹੁੰਦੀ ਸੀ,

ਕਵਿਤਾ ਦੀ ਰਚਨਾ ਉਹਨਾਂ ਨੇ ਵਾਰਤਕ ਵਿਚ ਲਿਖਣ ਸਮੇਂ ਤੋਂ ਹੀ ਸ਼ੁਰੂ ਕਰ ਦਿੱਤੀ ਸੀ ਅਤੇ ਕਵਿਤਾ ਰਾਣੀ ਤੇ ਉਹਨਾਂ ਨੂੰ ਪੂਰਾ ਅਬੂਰ ਹਾਸਲ ਸੀ। 'ਸਤਿਜੁਗ' ਅਖ਼ਬਾਰ ਦੇ ਪਹਿਲੇ ਬਸੰਤ ਅੰਕ ਜੋ ਸੰਮਤ ੧੯੮੬ ਨੂੰ ਪ੍ਰਕਾਸ਼ਤ ਹੋਇਆ ਸੀ, ਉਸ ਵਿੱਚ ਉਹਨਾਂ ਦੀਆਂ ਅਨੇਕ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਸਨ। ਉਹਨਾਂ ਨੇ ਕਵਿਤਾ ਵਿੱਚ ਇਕ ਮਹਾਂਕਾਵਿ 'ਮਾਲਵੇਂ ਦਰ' ਵੀ ਲਿਖਿਆ, ਜਿਸਦਾ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦ੍ਰਿਸ਼ਟੀਗੋਚਰ ਨਾ ਕਰਾਉਣ ਕਾਰਨ ਇਸ ਵਿੱਚ ਕੁਝ ਇਤਿਹਾਸਕ ਗ਼ਲਤੀਆਂ ਰਹਿ ਗਈਆਂ।

ਇਸੇ ਤਰ੍ਹਾਂ ਉਨਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹਾਦਤ ਨਾਲ ਸੰਬੰਧਤ ਮਹਾਂਕਾਵਿ "ਹਿੰਦ ਦੀ ਚਾਦਰ" ਦੀ ਰਚਨਾ ਕਰਕੇ ਪੰਜਾਬੀ ਸਾਹਿਤ ਵਿੱਚ ਨਿਵੇਕਲੀ ਜਗ੍ਹਾ ਬਣਾਈ। ਇਹਨਾਂ ਤੋਂ ਬਿਨਾਂ ਉਹਨਾਂ ਨੇ ਰਾਸ਼ਟਰ ਬਾਣੀ ਅਤੇ ਮਹਾਂਮਾਨਵ ਕਾਵਿ ਸੰਗ੍ਰਹਿਾਂ ਦੀ ਰਚਨਾਂ ਵੀ ਕੀਤੀ, ਵੇਰਵੇ ਸਹਿਤ ਸਾਰੀਆਂ ਕ੍ਰਿਤਾਂ ਬਾਰੇ ਲਿਖਣਾ ਮੁਸ਼ਕਲ ਹੈ। ਇਹਨਾਂ ਮਹਾਂਕਾਵਿ ਅਤੇ ਕਾਵਿ ਸੰਗ੍ਰਹਿਾਂ ਤੋਂ ਬਿਨਾਂ ਉਹਨਾਂ ਦੀਆਂ ਅਨੇਕ ਕਵਿਤਾਵਾਂ ਪੰਜਾਬੀ ਦੇ ਮਾਸਿਕ ਰਿਸਾਲਿਆਂ ਵਿਚ ਛਪਦੀਆਂ ਰਹੀਆਂ ਸਨ। ਇਕ ਉਹਨਾਂ ਦੀ ਹੋਰ ਵਰਣਨਯੋਗ ਕਿਰਤ "ਖਾਲਸੇ ਦੀ ਵਾਰ" ਹੈ ਜੋ ਜਲੰਧਰ ਤੋਂ ਪ੍ਰਕਾਸ਼ਤ ਹੋਣ ਵਾਲੀ ਰੋਜ਼ਾਨਾ ਅਖ਼ਬਾਰ "ਅਕਾਲੀ ਪਤ੍ਰਕਾ" ਵਿਚ ਛਪੀ ਸੀ, ਜਿਸ ਵਿੱਚ ਉਹਨਾਂ ਨੇ ਦਸਮ ਪਾਤਸ਼ਾਹ ਜੀ ਦੁਆਰਾ ਰਚੇ ਖਾਲਸੇ ਦੀ ਸਿਰਜਣਾ ਬਾਰੇ ਜ਼ਿਕਰ ਕੀਤਾ ਸੀ, ਜਿਸਦਾ ਆਧਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲੋਂ ਪ੍ਰਾਪਤ ਕੀਤੀ ਜਾਣਕਾਰੀ ਸੀ।

ਸੰਤ ਇੰਦਰ ਸਿੰਘ ਜੀ ਇਕ ਸਫਲ ਇਤਿਹਾਸਕਾਰ—

ਸੰਤ ਇੰਦਰ ਸਿੰਘ ਜੀ ਦੀ ਲਗਭਗ ਹਰ ਰਚਨਾ ਚਾਹੇ ਉਹ ਵਾਰਤਕ ਵਿਚ ਹੋਵੇ ਜਾਂ ਕਵਿਤਾ ਵਿਚ, ਉਹ ਇਤਿਹਾਸਕ ਮਸਾਲੇ ਨਾਲ ਓਤ ਪੋਤ ਹੁੰਦੀ ਸੀ ਜਾਂ ਇਉਂ ਵੀ ਕਹਿ ਸਕਦੇ ਹਾਂ ਕਿ ਉਹਨਾਂ ਦੀ ਹਰ ਰਚਨਾ ਦਾ ਆਧਾਰ ਸਿੱਖ ਇਤਿਹਾਸ ਹੁੰਦਾ ਸੀ। ਉਹਨਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ

ਮਹਾਰਾਜ ਗੁਰਦਿਆਲ ਸਿੰਘ ਜੀ ਦੀ ਪ੍ਰੇਰਨਾ ਨਾਲ ਨਾਮਧਾਰੀ ਇਤਿਹਾਸ ਨੂੰ ਲਿਖਣਾ ਸ਼ੁਰੂ ਕੀਤਾ ਸੀ ਅਤੇ 'ਸਤਿਜੁਗ' ਅਖ਼ਬਾਰ ਦੇ ਬਸੰਤ ਅੰਕਾਂ ਵਿਚ ਉਹਨਾਂ ਦੇ ਵਿਦਵਤਾ ਪੂਰਬਕ ਲੇਖ ਛਪਿਆ ਕਰਦੇ ਸਨ। ਉਹਨਾਂ ਨੇ ੧੯੩੪ ਈਸਵੀ ਵਿੱਚ ਪੁਸਤਕ "ਨਾਮਧਾਰੀ ਇਤਿਹਾਸ– ਭਾਗ ਪਹਿਲਾ" ਤਿਆਰ ਕਰਕੇ 'ਸਤਿਜੁਗ' ਅਖ਼ਬਾਰ ਸ੍ਰੀ ਭੈਣੀ ਸਾਹਿਬ ਵਲੋਂ ਪ੍ਰਕਾਸ਼ਤ ਕਰਵਾਈ ਸੀ, ਜਿਸ ਵਿੱਚ ਪਹਿਲੀ ਵਾਰ ਉਹਨਾਂ ਨੇ ਇਤਿਹਾਸ ਦੀ ਖੋਜ ਕਰਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਨੂੰ ਅੰਕਿਤ ਕੀਤਾ ਸੀ। ਅੱਜ ਵੀ ਉਸ ਪੁਸਤਕ ਦੀ ਉਹੋ ਅਹਿਮੀਅਤ ਹੈ ਜੋ ੧੯੩੪ ਈਸਵੀ ਵਿੱਚ ਸੀ। ਉਸਦਾ ਆਕਾਰ ੧੫੨ ਸਫੇ ਦਾ ਸੀ।

ਪੁਸਤਕ "ਕੂਕਿਆਂ ਬਾਰੇ" ਉਹਨਾਂ ਦੀ ਇਕ ਹੋਰ ਸ਼ਾਹਕਾਰ ਇਤਿਹਾਸਕ ਰਚਨਾ ਹੈ, ਉਸਦੇ ੩੦੮ ਸਫ਼ੇ ਹਨ। ਉਸ ਵਿੱਚ ਉਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕੀਰਤੀ ਨੂੰ ਇਤਿਹਾਸਕ ਪ੍ਰਮਾਣਾਂ ਅਤੇ ਗ੍ਰੰਥਾਂ ਦੇ ਹਵਾਲਿਆਂ ਨਾਲ ਪ੍ਰਗਟਾਇਆ ਹੈ।

"ਖੰਡੇ ਦਾ ਅੰਮ੍ਰਿਤ ਕਿਸਨੇ ਬਣਾਇਆ ?" ਉਹਨਾਂ ਦੀ ਇਕ ਹੋਰ ੩੬ ਸਫੇ ਦੀ ਵੱਡਮੁੱਲੀ ਇਤਿਹਾਸਕ ਰਚਨਾ ਹੈ, ਜਿਸਨੂੰ ਨਾਮਧਾਰੀ ਸਾਹਿਤ ਪ੍ਰਕਾਸ਼ਨ ਸ੍ਰੀ ਜੀਵਨ ਨਗਰ ਨੇ ੧੯੬੬ ਈਸਵੀ ਵਿੱਚ ਪ੍ਰਕਾਸ਼ਤ ਕੀਤਾ ਸੀ। ਸੰਤ ਜੀ ਨੇ ਇਤਿਹਾਸਕ ਗ੍ਰੰਥਾਂ ਦੇ ਹਵਾਲਿਆਂ ਨਾਲ ਸਿੱਧ ਕਰ ਦਿੱਤਾ ਸੀ ਕਿ ਦਸਮ ਗੁਰੂ ਜੀ ਨੇ ੧੬੯੯ ਈਸਵੀ ਦੀ ਵਿਸਾਖੀ ਨੂੰ ਕਿਰਪਾਨ ਨਾਲ ਅੰਮ੍ਰਿਤ ਛਕਾਇਆ ਸੀ ਅਤੇ ਖੰਡੇ ਦਾ ਅੰਮ੍ਰਿਤ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੀ ਵਾਰ ੧੮੫੭ ਈਸਵੀ ਦੀ ਵਿਸਾਖੀ ਤੋਂ ਛਕਾਉਣਾ ਸ਼ੁਰੂ ਕੀਤਾ ਸੀ ਅਤੇ "ਸੰਤ ਖਾਲਸਾ" ਦੀ ਸਾਜਨਾ ਕੀਤੀ। ਉਸ ਪੁਸਤਕ ਦਾ, ਨਾਮਧਾਰੀ ਪੰਥ ਤੋਂ ਬਾਹਰ ਕੁਝ ਅਦਾਰਿਆਂ ਵਲੋਂ ਤਿੱਖਾ ਵਿਰੋਧ ਹੋਇਆ ਸੀ ਤਾਂ ਸੰਤਾਂ ਨੇ ਇਕ ਹੋਰ ਪੈਂਫਲਿਟ ੧੬ ਸਫੇ ਦਾ "ਖੰਡੇ ਦਾ ਅੰਮ੍ਰਿਤ ਕਿਸਨੇ ਛਕਾਇਆ ਬਾਰੇ ਇਤਿਹਾਸਕ ਵਾਦ ਵਿਵਾਦ" ਪ੍ਰਕਾਸ਼ਤ ਕਰਵਾਇਆ ਜੋ ਨਵਾਂ ਹਿੰਦੋਸਤਾਨ ਪ੍ਰਕਾਸ਼ਨ, ਨਵੀਂ ਦਿੱਲੀ ਨੇ ਪ੍ਰਕਾਸ਼ਤ ਹੋਇਆ ਸੀ।

ਇਸੇ ਤਰ੍ਹਾਂ 'ਅਟਲ ਪ੍ਰਤਾਪੀ' ਅਤੇ 'ਜੋਤਕਾ ਜਾਮਾ' ਨਾਮ ਦੀਆਂ ਦੋ

ਹੋਰ ਪੁਸਤਕਾਂ ਹਨ. ਪਹਿਲੀ ਪੁਸਤਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਹੈ. ਪ੍ਰੰਤੂ ਦੂਜੀ ਪੁਸਤਕ 'ਜੋਤਕਾ ਜਾਮਾ' ਅਜੇ ਤਕ ਅਣਪ੍ਰਕਾਸ਼ਿਤ ਹੈ. ਸ੍ਰੀ ਭੈਣੀ ਸਾਹਿਬ ਇਕ ਵਾਰ, ਕੁਝ ਸਾਲ ਪਹਿਲਾਂ ਮੈਂ ਇਹ ਪੁਸਤਕ ਦਾ ਖਰੜਾ ਦੇਖਿਆ ਸੀ।

ਸੰਤ ਇੰਦਰ ਸਿੰਘ ਜੀ ਦਾ ਨਾਵਲ ਦੇ ਖੇਤਰ ਵਿੱਚ ਯੋਗਦਾਨ—

ਸੰਤ ਇੰਦਰ ਸਿੰਘ ਜੀ ਨੇ ਹੋਰ ਸਾਹਿਤਕ ਖੇਤਰਾਂ ਵਾਂਗ ਨਾਵਲ ਦੇ ਖੇਤਰ ਵਿਚ ਵੀ ਸਫਲ ਕਲਮ ਅਜ਼ਮਾਈ ਕੀਤੀ। ਉਹਨਾਂ ਨੇ ਜੋ ਵੀ ਨਾਵਲ ਲਿਖੇ, ਉਹ ਨਾਮਧਾਰੀ ਇਤਿਹਾਸ ਨਾਲ ਹੀ ਸੰਬੰਧਤ ਸਨ। ਉਹਨਾਂ ਨੇ ਸਭ ਤੋਂ ਪਹਿਲਾਂ ਨਾਵਲ 'ਬੀਤ ਰਾਗ' ੧੯੩੫ ਈਸਵੀ ਵਿਚ ਲਿਖਕੇ ਪ੍ਰਕਾਸ਼ਤ ਕੀਤਾ ਜਿਸਦੀ ਨਾਮਧਾਰੀ ਪੰਥ ਅਤੇ ਪੰਥ ਤੋਂ ਬਾਹਰ ਵੀ ਬਹੁਤ ਪ੍ਰਸੰਸਾ ਹੋਈ। ਉਸ ਤੋਂ ਪ੍ਰੇਰਿਤ ਹੋ ਕੇ ਸੰਤ ਜੀ ਨੇ ੧੯੬੦ ਈਸਵੀ ਵਿੱਚ ਨਾਵਲ "ਅੜਬੰਗੀ" ਪ੍ਰਕਾਸ਼ਿਤ ਕਰਵਾਇਆ. ਉਹ ਨਾਵਲ ਸੰਤ ਭਗਵਾਨ ਸਿੰਘ ਅੜਬੰਗੀ ਦੀਆਂ ਪੰਥਕ ਕਾਰਗੁਜ਼ਾਰੀਆਂ ਬਾਰੇ ਲਿਖਿਆ ਗਿਆ ਹੈ। ਸੰਤ ਭਗਵਾਨ ਸਿਘ ਅੜਬੰਗੀ ਨੂੰ ਅੰਗਰੇਜ਼ ਸਰਕਾਰ ਨੇ ਇਸ਼ਤਿਹਾਰੀ ਮੁਜ਼ਰਿਮ ਕਰਾਰ ਦਿੱਤਾ ਹੋਇਆ ਸੀ. ਉਸਨੇ ਸ੍ਰੀ ਭੈਣੀ ਸਾਹਿਬ ਦੀ ਜੂਹ ਤੋਂ ਬਾਹਰ ਸਿਪਾਹੀ ਗੋਂਦਾ ਸਿੰਘ ਨੂੰ ਮਾਰਿਆ ਸੀ ਜੋ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦਰਸ਼ਨ ਕਰਨ ਬਾਹਰੋਂ ਆਈ ਸੰਗਤ ਨੂੰ ਤੰਗ ਕਰਿਆ ਕਰਦਾ ਸੀ। ਸੰਤ ਭਗਵਾਨ ਸਿੰਘ ਅੜਬੰਗੀ ਮਲੇਰਕੋਟਲੇ ਦੇ ਸਾਕੇ ਵਿਚ ਵੀ ਸ਼ਾਮਲ ਸੀ. ਪ੍ਰੰਤੂ ਬਾਅਦ ਵਿੱਚ ਉਹ ਰੂਪੋਸ਼ ਹੋ ਗਿਆ ਸੀ।

੧੯੭੦ ਈਸਵੀ ਵਿਚ ਸੰਤ ਜੀ ਨੇ ਪੰਜਾਬ ਕਿਤਾਬ ਘਰ ਜਲੰਧਰ ਵਾਲਿਆਂ ਤੋਂ "ਪਹਿਲਾ ਮਰਣ ਕਬੂਲ ਕਰਿ" ਸਿਰਲੇਖ ਹੇਠ ਆਪਣੇ ਤਿੰਨ ਨਾਵਲ "ਬੀਤ ਰਾਗ", "ਅੜਬੰਗੀ ਅਤੇ ਜੈ...." ਨੂੰ ਇਕੱਠੇ ਕਰਕੇ ਇਤਿਹਾਸਕ ਨਾਵਲਾਂ ਦੀ ਸੰਭਾਲ ਕਰ ਲਈ ਸੀ।

ਸੰਤ ਇੰਦਰ ਸਿੰਘ ਜੀ ਇਕ ਸਫਲ ਨਾਟਕਕਾਰ—

ਸੰਤ ਜੀ ਦੀ ਕਲਮ ਦੀ ਨਾਟਕ ਦੇ ਖੇਤਰ ਵਿਚ ਵੀ ਕਮਾਲ ਦੀ ਪੇਸ਼ਕਾਰੀ ਹੈ। ਉਹਨਾਂ ਨੇ ਇਤਿਹਾਸਕ ਨਾਟਕ ਵੀ ਲਿਖੇ ਅਤੇ ਹੋਰ ਸਮਾਜਿਕ ਵਿਸ਼ਿਆਂ ਤੇ ਵੀ ਨਾਟਕ ਤਿਆਰ ਕੀਤੇ, ਇਸੇ ਤਰ੍ਹਾਂ ਸਮਾਜਿਕ ਕੁਰੀਤੀਆਂ ਬਾਰੇ ਵੀ ਨਾਟਕ ਲਿਖ ਕੇ ਉਹਨਾਂ ਨੇ ਲੋਕਾਈ ਨੂੰ ਸੁਚੇਤ ਕੀਤਾ। ੧੯੪੧ ਈਸਵੀ ਵਿੱਚ ਉਹਨਾਂ ਦੇ ਦੋ ਨਾਟਕ "ਸ਼ੂਦਰ ਦਾ ਬਲੀਦਾਨ" ਅਤੇ "ਪ੍ਰੀਤ ਪੈਗੰਬਰ" ਪ੍ਰਕਾਸ਼ਤ ਹੋਏ। "ਪੰਥ ਕੀ ਜੀਤ" ਉਹਨਾਂ ਦਾ ਇਤਿਹਾਸਕ ਨਾਟਕ ਸੀ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤਾ ਸੀ। ਕੁਝ ਉਹਨਾਂ ਦੇ ਨਾਟਕ 'ਸਤਿਜੁਗ' ਅਖ਼ਬਾਰ ਦੇ ਬਸੰਤ ਅੰਕਾਂ ਵਿਚ ਵੀ ਛਪਦੇ ਰਹੇ, ਜਿਵੇਂ ਕਿ ਉਹਨਾਂ ਦਾ ਨਾਟਕ "ਨਾਮ ਖੁਮਾਰੀ" ਹੈ ਜੋ "ਸੰਤ ਅੰਕ–ਭਾਗ ਦੂਜਾ" ਵਿਚ ਪ੍ਰਕਾਸ਼ਤ ਹੋਇਆ ਸੀ ਅਤੇ ਫਿਰ "ਬੁਰੇ ਦਾ ਭਲਾ" ਇਕ ਅੰਗੀ ਨਾਟਕ ਸੀ, ਉਹ ਵੀ ਸੰਤ ਅੰਕ ਵਿਚ ਪ੍ਰਕਾਸ਼ਤ ਹੋਇਆ ਸੀ ਜਿਨ੍ਹਾਂ ਵਿੱਚ ਬੀਤ ਰਾਗ ਦੇ ਭਜਨੀਕ ਸੰਤਾਂ ਦੀ ਆਤਮਿਕ ਅਵਸਥਾ ਅਤੇ ਸਰਬਤ ਦਾ ਭਲਾ ਮੰਗਣ ਵਾਲੀ ਉੱਚੀ ਅਵਸਥਾ ਨੂੰ ਦਰਸਾਇਆ ਅਤੇ ਦੱਸਿਆ ਹੈ ਕਿ ਉਹ ਕਿਵੇਂ ਆਪਣੇ ਬਚਨਾਂ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਆਸਰਾ ਲੈ ਕੇ ਚੋਰ ਡਾਕੂ ਨੂੰ ਸੰਤ ਬਣਾ ਦੇਂਦੇ ਸਨ।

ਇਕ ਉਹਨਾਂ ਦਾ ਨਾਟਕ "ਸਰਬ ਲੋਹ" 'ਪ੍ਰਦੇਸੀ ਪ੍ਰੀਤਮ' ਪੰਜਾਬੀ ਮਾਸਿਕ ਰਿਸਾਲੇ ਵਿਚ ਅਗਸਤ ੧੯੬੪ ਵਿੱਚ ਪ੍ਰਕਾਸ਼ਤ ਹੋਇਆ ਸੀ। ਉਹ ਰਿਸਾਲਾ ਉਹਨਾਂ ਨੇ ਆਪ ਹੀ ਦਿੱਲੀ ਤੋਂ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ ਸੀ। ਨਾਟਕ "ਪਟਨਾ ਸ਼ਹਿਰ ਵਿਖੇ" ਜਿਸਦਾ ਆਕਾਰ ੩੨ ਸਫ਼ੇ ਦਾ ਹੈ, ਦਾ ਵਿਸ਼ਾ ਸਿੱਖ ਇਤਿਹਾਸ ਨਾਲ ਸੰਬੰਧਤ ਹੈ। ਇਸੇ ਤਰ੍ਹਾਂ "ਰਾਸ਼ਟਰ ਭਾਸ਼ਾ" ਇਕਾਂਗੀ ਲਿਖ ਕੇ ਉਹਨਾਂ ਨੇ ਪਾਠਕਾਂ ਨੂੰ ਆਪਣੀ ਰਾਸ਼ਟਰ ਭਾਸ਼ਾ ਪ੍ਰਤੀ ਸੁਚੇਤ ਕੀਤਾ ਹੈ ਅਤੇ ਦੱਸਣ ਦਾ ਯਤਨ ਕੀਤਾ ਹੈ ਕਿ ਆਪਣੀ ਭਾਸ਼ਾ ਛੱਡ ਕੇ ਕਿਸੇ ਹੋਰ ਭਾਸ਼ਾ ਨੂੰ ਵਰਤ ਕੇ ਆਪਣੇ ਆਪ ਨੂੰ ਵਿਦਵਾਨ ਸਾਬਤ ਕਰਨ ਦੀ ਕੋਸ਼ਿਸ਼ ਨਾ ਕਰੋ, ਆਪਣੀ ਰਾਸ਼ਟਰ ਭਾਸ਼ਾ ਨੂੰ ਪਿਆਰ ਕਰੋ।

ਸੰਤ ਇੰਦਰ ਸਿੰਘ ਜੀ ਦੀ ਕਲਮ ਅਜ਼ਮਾਈ ਦੇ ਕੁਝ ਹੋਰ ਖੇਤਰ —

ਸੰਤ ਇੰਦਰ ਸਿੰਘ ਚਕਰਵਰਤੀ ਜੀ ਨੇ ਸਾਹਿਤ ਦੀ ਹਰ ਵੰਨਗੀ ਨੂੰ ਕਲਮ ਦੀ ਨੋਕ ਹੇਠ ਲਿਆਂਦਾ, ਉਹਨਾਂ ਨੇ ਧਾਰਮਿਕ ਸਾਹਿਤ ਵੀ ਰਚਿਆ, ਇਤਿਹਾਸ ਦੀ ਸੰਭਾਲ ਵੀ ਕੀਤੀ, ਨਾਟਕ/ ਇਕਾਂਗੀ ਵੀ ਲਿਖੇ ਅਤੇ ਵਾਰ ਸਾਹਿਤ ਨੂੰ ਵੀ ਯੋਗਦਾਨ ਦਿੱਤਾ ਅਤੇ ਕਵਿਤਾ ਦੇ ਖੇਤਰ ਨੂੰ ਵੀ ਯੋਗਦਾਨ ਦਿੱਤਾ। ਧਰਮ ਦੇ ਖੇਤਰ ਵਿਚ ਉਹਨਾਂ ਨੇ "ਸਿੱਖ ਧਰਮ ਤੇ ਜੀਵਾ ਹਿੰਸਾ" ਪੁਸਤਕ ਦੇ ਕੇ ਆਪਣਾ ਯੋਗਦਾਨ ਪਾਇਆ ਸੀ। ਉਹਨਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਹੋਰ ਪੰਥ ਪ੍ਰਵਾਨਤ ਲਿਖਤਾਂ ਦੇ ਸਵਤਾ ਪ੍ਰਮਾਣ ਅਤੇ ਪ੍ਰਤਾ ਪ੍ਰਮਾਣ ਦੇ ਕੇ ਦੱਸਿਆ ਹੈ ਕਿ ਸਿੱਖ ਧਰਮ ਵਿੱਚ ਮਾਸ ਖਾਣ ਦੀ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਕਦਾਚਿਤ ਖੁੱਲ੍ਹ ਨਹੀਂ ਦਿੱਤੀ। ਮਾਸ ਭਾਵੇਂ ਝਟਕੇ ਦਾ ਹੋਵੇ ਜਾਂ ਚਾਹੇ ਜਾਂ ਕੁੱਠੇ ਦਾ ਹੋਵੇ, ਮਾਸ ਤਾਂ ਮਾਸ ਹੀ ਹੁੰਦਾ ਹੈ ਜਿਸਨੂੰ ਪ੍ਰਾਪਤ ਕਰਨ ਲਈ ਜੀਵ ਹਿੰਸਾ ਕਰਨੀ ਪੈਂਦੀ ਹੈ ਜਿਸਦੀ ਸਿੱਖ ਧਰਮ ਵਿੱਚ ਪ੍ਰਵਾਨਗੀ ਨਹੀਂ ਹੈ। ਸਿੱਖ ਇਤਿਹਾਸ ਗ੍ਰੰਥਾਂ ਤੋਂ ਬਿਨਾਂ ਉਹਨਾਂ ਨੇ ਹੋਰ ਮਤਾਂ ਦੇ ਗ੍ਰੰਥਾਂ ਨੂੰ ਵੀ ਆਪਣੀ ਪੁਸਤਕ ਦਾ ਆਧਾਰ ਬਣਾ ਕੇ ਆਪਣੇ ਵਿਸ਼ੇ ਨੂੰ ਪੁਖਤਗੀ ਬਖ਼ਸ਼ੀ ਹੈ। ਇਹ ੪੦ ਸਫ਼ੇ ਦੇ ਆਕਾਰ ਦੀ ਪੁਸਤਕ ੧੯੪੩ ਈਸਵੀ ਵਿੱਚ ਅੰਮ੍ਰਿਤਸਰ ਤੋਂ ਪ੍ਰਕਾਸ਼ਤ ਹੋਈ ਸੀ।

ਕਹਾਣੀ ਦੇ ਖੇਤਰ ਵਿਚ ਉਹਨਾਂ ਨੇ "ਸਤਨਾਜਾ" ਇਕ ਕਹਾਣੀ ਸੰਗ੍ਰਹਿ ੧੯੪੪ ਈਸਵੀ ਵਿੱਚ ਸਾਹਿਤ ਜਗਤ ਨੂੰ ਦਿੱਤਾ ਸੀ ਜਿਸਦਾ ਆਕਾਰ ੧੦੨ ਸਫੇ ਦਾ ਸੀ ਅਤੇ ਉਸਨੂੰ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕਰਵਾਇਆ ਗਿਆ। 'ਸਤਿਜੁਗ' ਅਖ਼ਬਾਰ ਦੇ ਬਸੰਤ ਅੰਕਾਂ ਵਿਚ ਨਾਮਧਾਰੀ ਇਤਿਹਾਸ ਨਾਲ ਸੰਬੰਧਤ ਉਹਨਾਂ ਦੀਆਂ ਅਨੇਕ ਕਹਾਣੀਆਂ ਪ੍ਰਕਾਸ਼ਤ ਹੋਈਆਂ। ਉਹਨਾਂ ਦੀਆਂ ਪ੍ਰਮੁੱਖ ਕਹਾਣੀਆਂ ਚੋਜੀ ਪ੍ਰੀਤਮ, ਜੀਵਾਲਣਹਾਰ ਸਤਿਗੁਰੂ, ਚੀਨੀ ਅਸਵਾਰ, ਅਪੂਰਬ ਬਲੀਦਾਨ, ਸੰਤ ਸਿਪਾਹੀ, ਦੈਂਤ ਤੋਂ ਦੇਵਤਾ ਅਤੇ ਬੌਰੀਆਂ ਵਾਲਾ ਆਦਿ ਹਨ, ਜਿਹਨਾਂ ਰਾਹੀਂ ਉਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਪ੍ਰਗਟ

ਕਰਨ ਦਾ ਯਤਨ ਕੀਤਾ।

ਨਾਮਧਾਰੀ ਪੰਥ ਤੋਂ ਬਾਹਰ ਵੀ ਉਹਨਾਂ ਨੇ ਸਿੱਖ ਸੰਪ੍ਰਦਾਵਾਂ ਲਈ ਕੰਮ ਕੀਤਾ। ਉਦਾਸੀ ਸੰਪ੍ਰਦਾ ਲਈ ਉਹਨਾਂ ਇਕ ਵੱਡ ਆਕਾਰੀ ਲੇਖ "ਉਦਾਸੀਨ ਮਹਾਂਪੁਰਖਾਂ ਵਲੋਂ ਸਿਖਾਂ ਉੱਤੇ ਉਪਕਾਰ" ਲਿਖਿਆ ਸੀ, ਜੋ "ਮਹਾਤਮਾ" ਅਖ਼ਬਾਰ ਦੇ ਸ੍ਰੀ ਚੰਦ ਅੰਕ ਵਿਚ ੧੯੬੩ ਈਸਵੀ ਨੂੰ ਪ੍ਰਕਾਸ਼ਤ ਹੋਇਆ ਸੀ। ਯਾਦ ਰਹੇ ਇਹ ਅਖ਼ਬਾਰ ਮਹੰਤ ਬਿਕਰਮ ਦਾਸ ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ ਦੀ ਸਰਪ੍ਰਸਤੀ ਹੇਠ ਮਹੰਤ ਭਗਤ ਰਾਮ ਮੁਸਾਫਿਰ ਬੜੇ ਪਿੰਡ ਵਾਲਿਆਂ ਦੀ ਸੰਪਾਦਕੀ ਹੇਠ ਛਪਦਾ ਸੀ। ਚਕਰਵਰਤੀ ਜੀ ਨੇ ਉਸ ਵਿੱਚ ਉਦਾਸੀ ਸੰਤਾਂ ਦੇ ਬਹੁਪੱਖੀ ਯੋਗਦਾਨ ਨੂੰ ਇਤਿਹਾਸਕ ਗ੍ਰੰਥਾਂ ਦੇ ਪ੍ਰਮਾਣਾਂ ਦੇ ਹਵਾਲਿਆਂ ਨਾਲ ਪ੍ਰਗਟ ਕੀਤਾ ਹੈ।

ਉਹਨਾਂ ਨੇ ਕਾਫ਼ੀ ਸਮਾਂ ਭਾਸ਼ਾ ਵਿਭਾਗ ਪੰਜਾਬ ਵਿੱਚ ਮੁਲਾਜ਼ਮਤ ਕੀਤੀ ਸੀ ਅਤੇ ਜਦੋਂ ਪੈਪਸੂ ਰਾਜ ਹੋਂਦ ਵਿਚ ਆਇਆ ਸੀ, ਉਹ ਉਸ ਸਮੇਂ ਹੀ ਸਰਕਾਰੀ ਨੌਕਰੀ ਵਿਚ ਆ ਗਏ ਸਨ। ਫਿਰ ਉਹਨਾਂ ਦੇ ਅਨੇਕ ਸਾਹਿਤਕ ਲੇਖ, ਭਾਸ਼ਾ ਵਿਭਾਗ ਪੰਜਾਬ ਦੇ ਮਾਸਿਕ ਰਿਸਾਲੇ "ਪੰਜਾਬੀ ਦੁਨੀਆ" ਵਿਚ ਸਮੇਂ ਸਮੇਂ ਛਪਦੇ ਰਹੇ, ਜਿਹਨਾਂ ਦੀ ਪੂਰੀ ਸੂਚੀ ਲੇਖ ਦੀ ਅੰਤਿਕਾ ਵਿਚ ਦੇ ਦਿੱਤੀ ਗਈ ਹੈ। ਉਹਨਾਂ ਦੀਆਂ ਹੋਰ ਵੀ ਸਾਹਿਤਕ ਤੇ ਇਤਿਹਾਸਕ ਕਿਰਤਾਂ ਦੀ ਸੂਚੀ ਅੰਤ ਵਿੱਚ ਦੇ ਦਿੱਤੀ ਹੈ.। ਚਾਹੇ ਇਹ ਸੂਚੀ ਅਧੂਰੀ ਹੈ ਪ੍ਰੰਤੂ ਫਿਰ ਵੀ ਮੈਂ ਉਹਨਾਂ ਦੀ ਹਰ ਲਿਖਤ ਨੂੰ ਦੇਖਣ ਤੇ ਵਾਚਣ ਦਾ ਯਤਨ ਕੀਤਾ ਹੈ।

ਸੰਤ ਇੰਦਰ ਸਿੰਘ ਜੀ ਦੀ ਸਤਿਗੁਰੂ ਪ੍ਰਤਾਪ ਜੀ ਲਈ ਅਪਾਰ ਸ਼ਰਧਾ —

ਮੈਂ ਪਿਛਲੇ ਸਫਿਆਂ ਵਿਚ ਲਿਖ ਚੁੱਕਾ ਹਾਂ ਕਿ ਉਹਨਾਂ ਨੂੰ ਨਾਮਧਾਰੀ ਮਰਯਾਦਾ ਵਿਰਸੇ ਵਿੱਚ ਮਿਲੀ ਸੀ, ਉਹਨਾਂ ਦੀ ਮਾਤਾ ਮਾਨ ਕੌਰ ਜੀ ਨੇ ਬਚਪਨ ਵਿੱਚ ਹੀ ਉਹਨਾਂ ਨੂੰ ਨਾਮਧਾਰੀ ਮਰਯਾਦਾ ਵਿੱਚ ਪਰਪੱਕ ਕਰ ਦਿੱਤਾ ਸੀ ਅਤੇ ਉਹਨਾਂ ਦੇ ਬਾਬਾ ਬਿਸ਼ਨ ਸਿੰਘ ਜੀ ਨੇ ਉਹਨਾਂ ਨੂੰ ਨਾਮਧਾਰੀ ਇਤਿਹਾਸ ਕਹਾਣੀਆਂ ਵਾਂਗ ਯਾਦ ਕਰਵਾ ਦਿੱਤਾ ਸੀ। ਸਤਿਗੁਰੂ ਪ੍ਰਤਾਪ ਸਿੰਘ

ਜੀ ਵੀ ਸਦਾ ਉਨ੍ਹਾਂ 'ਤੇ ਮਿਹਰਬਾਨ ਰਹੇ, ਉਹਨਾਂ ਦੀ ਕਿਰਪਾ ਨਾਲ ਹੀ ਚਕਰਵਰਤੀ ਜੀ ਇਕ ਸਫਲ ਲੇਖਕ, ਪੱਤਰਕਾਰ, ਨਾਟਕਕਾਰ, ਕਵੀ ਅਤੇ ਇਕ ਅਲੋਚਕ ਬਣੇ।

ਉਹਨਾਂ ਦੀ ਸਤਿਗੁਰੂ ਪ੍ਰਤਾਪ ਸਿੰਘ ਜੀ 'ਤੇ ਅਪਾਰ ਸ਼ਰਧਾ ਸੀ ਤੇ ਨਾਲ ਉਹ ਵੱਡੇ ਬਾਬਾ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਜੀ 'ਤੇ ਵੀ ਅਪਾਰ ਸ਼ਰਧਾ ਰੱਖਦੇ ਸੀ। ਸੰਤ ਜੀ, ਸਤਿਗੁਰੂ ਜੀ ਦੇ ਇਕ ਸੁਘੜ ਸੇਵਕ ਸਨ ਅਤੇ ਪੰਥ ਦੀ ਬੇਹਤਰੀ ਲਈ ਸਭ ਕੁਝ ਕਰਨ ਲਈ ਤਿਆਰ ਰਹਿੰਦੇ ਸਨ, ਇਸੇ ਲਈ ਉਹਨਾਂ ਨੇ ਇਕ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪੰਥ ਦੇ ਅਗਲੇ ਸਤਿਗੁਰੂ ਜੀ ਬਾਰੇ ਪੁੱਛਿਆ ਸੀ ਕਿਉਂਕਿ ੧੯੫੯ ਈਸਵੀ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਿਹਤ ਪੱਖੋਂ ਬਹੁਤ ਕਮਜ਼ੋਰ ਹੋ ਗਏ ਸਨ। ਚਕਰਵਰਤੀ ਜੀ ਆਪਣੀ ਪੁਸਤਕ 'ਜੋਤਿ ਕਾ ਜਾਮਾ' ਦੀ ਲਿਖਤ ਸਤਿਗੁਰਾਂ ਨੂੰ ਸੁਣਾ ਰਹੇ ਸਨ ਅਤੇ ਜਦੋਂ ਪੁਸਤਕ ਦਾ ਆਖ਼ਰੀ ਅਧਿਆਇ ਪੜ੍ਹਿਆ ਜਾ ਰਿਹਾ ਸੀ ਤਾਂ ਚਕਰਵਰਤੀ ਜੀ ਨੇ ਝੁਕਦੇ ਹੋਏ ਕੁਝ ਪੁੱਛਣ ਦੀ ਸਤਿਗੁਰੂ ਜੀ ਤੋਂ ਇਜਾਜ਼ਤ ਮੰਗੀ ਤਾਂ ਸਤਿਗੁਰਾਂ ਨੇ ਕਿਹਾ, ਪੁਛ ਕੀ ਪੁਛਣਾ ਚਾਹੁੰਦਾ ਹੈਂ ! ਅੱਗੇ ਜੋ ਵਾਰਤਾਲਾਪ ਹੋਈ ਉਹ ਸੰਤਾਂ ਦੀ ਲਿਖਤ ਅਨੁਸਾਰ ਇਸ ਪ੍ਰਕਾਰ ਹੈ :–

"ਕੁਝ ਹੋਰ ਪੁਛਣਾ ਹੈ ?"

"ਜੀ ! ਡਰ ਲਗਦਾ ਹੈ। ਤੁਹਾਡੀ ਰਜ਼ਾ ਦੇ ਖ਼ਿਲਾਫ਼ ਕੋਈ ਗੱਲ ਪੁੱਛੀ ਨਹੀਂ ਜਾ ਸਕਦੀ। ਪਰ ਪੁੱਛਣਾ ਵੀ ਚਾਹੁੰਦਾ ਹਾਂ" ਮੈਂ ਅਰਜ਼ ਕੀਤੀ।

"ਜੋ ਪੁੱਛਣਾ ਹੈ ਪੁੱਛੋ" ਸੱਚੇ ਪਾਤਸ਼ਾਹ ਜੀ ਨੇ ਅਭੈਦਾਨ ਦਿੰਦਿਆਂ ਕਿਹਾ।

"ਮੇਰੀ ਅਰਦਾਸ ਹੈ ਕਿ ਆਪ ਹਜ਼ਾਰ ਸਾਲ ਸਾਨੂੰ ਦਰਸ਼ਨ ਦੇਂਦੇ ਰਹੋ ਤੇ ਇਕ–ਇਕ ਸਾਲ ਦੇ ਦਿਨ ਹਜ਼ਾਰ–ਹਜ਼ਾਰ ਹੀ ਹੋਣ ਪਰ....।"

"ਅਸਾਂ ਗੱਲ ਸਮਝ ਲਈ ਹੈ। ਇਸਦਾ ਫੈਸਲਾ ਤੇ ਅਸੀਂ ਜੀਵਨ ਨਗਰ ਤੋਂ ਤੁਰਨ ਸਮੇਂ ਹੀ ਕਰ ਆਏ ਹਾਂ" ਹਜ਼ੂਰ ਨੇ ਸਾਦਰ ਕੀਤਾ।

ਚਕਰਵਰਤੀ ਜੀ ਨੇ ਜਦੋਂ ਇਹ ਬਚਨ ਕੀਤੇ, ਉਸ ਸਮੇਂ ਉੱਥੇ ਸ:

ਸਵਰਨ ਸਿੰਘ ਜੀ ਬੀ.ਏ. ਹਜ਼ਰੋ ਅਤੇ ਸੰਤ ਕਰਮ ਸਿੰਘ ਬਾਲਮ ਜੀ ਆਦਿ ਵੀ ਸੱਚੇ ਪਾਤਸ਼ਾਹ ਜੀ ਦੇ ਕੋਲ ਬੈਠੇ ਸਨ। ਉਪਰੋਕਤ ਵਾਰਤਾਲਾਪ ਤੋਂ ਸਾਫ਼ ਪ੍ਰਗਟ ਹੋ ਗਿਆ ਸੀ ਕਿ ਸਤਿਗੁਰੂ ਜੀ ਨੇ ਗੁਰਗੱਦੀ ਦੇ ਅਗਲੇ ਵਾਰਸ ਦਾ ਫੈਸਲਾ ਸ੍ਰੀ ਜੀਵਨ ਨਗਰ ਵਿਖੇ ਹੀ ਕਰ ਦਿੱਤਾ ਸੀ ਭਾਵ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਨਿਯੁਕਤ ਕਰ ਦਿੱਤਾ ਸੀ।

੨੨ ਅਗਸਤ ੧੯੫੯ ਈਸਵੀ ਨੂੰ ਰਾਤ ਦੇ ਪਿਛਲੇ ਪਹਿਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇਹ ਦਾ ਓਹਲਾ ਕਰ ਗਏ, ਸਭ ਪਾਸੇ ਕੁਹਰਾਮ ਮਚ ਗਿਆ, ਸੰਗਤ ਵੈਰਾਗੀ ਹੋ ਗਈ। ਜਿਸ ਤਰ੍ਹਾਂ ਸਤਿਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਉਹਲਾ ਕਰਨ ਸਮੇਂ ਹੋਇਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਸਕਾਰ ਵਾਲੇ ਦਿਨ ਸੰਗਤ ਦੇ ਮਨ ਵਿਚ ਪੈਦਾ ਹੋਈ ਉਤਸੁਕਤਾ ਨੂੰ 'ਸਤਿਜੁਗ' ਅਖ਼ਬਾਰ ਦੇ ਸ਼ਰਧਾਂਜਲੀ ਅੰਕ ਦੇ ਇਹਨਾਂ ਸ਼ਬਦਾਂ ਨੇ ਦੂਰ ਕਰ ਦਿੱਤਾ –

"੨੨ ਅਗਸਤ ਨੂੰ ਸੰਤ ਇੰਦਰ ਸਿੰਘ ਚਕਰਵਰਤੀ ਜੀ ਵਲੋਂ ਐਲਾਨ ਕਰ ਦਿੱਤਾ ਗਿਆ ਸੀ ਕਿ ਨਾਮਧਾਰੀ ਪੰਥ ਦੇ ਅਗਲੇ ਮੁਖੀ, ਵਾਰਸ, ਸ੍ਰੀ ਮਹਾਰਾਜ ਜਗਜੀਤ ਸਿੰਘ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਆਗਿਆ ਅਨੁਸਾਰ ਥਾਪੇ ਗਏ ਸਨ।"

੨੩ ਅਗਸਤ ੧੯੫੯ ਈਸਵੀ ਨੂੰ ਸਦਾ ਵਾਂਗ ਸ੍ਰੀ ਭੈਣੀ ਸਾਹਿਬ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋਇਆ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਸੰਗਤ ਵਿਚ ਦਰਸ਼ਨ ਦਿੱਤੇ। ਮਹਾਰਾਜ ਬੀਰ ਸਿੰਘ ਜੀ ਨੇ ਸਤਿਗੁਰਾਂ ਲਈ ਆਸਣ ਵਿਛਾਇਆ ਤਾਂ ਮਹਾਰਾਜ ਜੰਗ ਸਿੰਘ ਜੀ ਨੇ ਸਭ ਤੋਂ ਪਹਿਲਾਂ ਮੱਥਾ ਟੇਕਿਆ ਅਤੇ ਫਿਰ ਮਹਾਰਾਜ ਜੀ ਨੇ ਮੱਥਾ ਟੇਕਿਆ ਸੀ।

ਚਕਰਵਰਤੀ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਇਕ ਜੋਤ ਹੀ ਸਮਝਿਆ ਅਤੇ ਸਾਰੀ ਜ਼ਿੰਦਗੀ ਦੋਹਾਂ ਸਤਿਗੁਰੂ ਸਾਹਿਬਾਨ ਨੂੰ ਉਹ ਅਕਾਲ ਪੁਰਖ ਪਰਮੇਸ਼ਰ ਦਾ ਰੂਪ ਸਮਝ ਕੇ ਆਦਰ ਸਤਿਕਾਰ ਕਰਦੇ ਰਹੇ ਅਤੇ ਉਹਨਾਂ ਦੇ ਹੁਕਮ ਨੂੰ ਮੰਨਿਆ।

ਸਮੇਂ ਦਾ ਕਾਲ ਚੱਕਰ ਕਦੇ ਖਲੋਂਦਾ ਨਹੀਂ, ਆਪਣੀ ਤੋਰ ਬਿਨਾਂ ਕਿਸੇ

ਅਟਕਣ ਦੇ ਤੁਰਿਆ ਰਹਿੰਦਾ ਹੈ, ਜਿਸਨੇ ਉਪਜਣਾ ਹੈ, ਉਹ ਬਿਨਸਦਾ ਵੀ ਅਵਸ਼ ਹੈ ਭਾਵ ਖ਼ਤਮ ਅਵਸ਼ ਹੁੰਦਾ ਹੈ। ਸੰਤ ਜੀ ੮-੩-੧੯੭੧ ਈਸਵੀ ਵਿਚ ਸਦਾ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿੱਘੀ ਗੋਦ ਵਿਚ ਸਮਾ ਗਏ। ਉਹਨਾਂ ਦੇ ਪ੍ਰਲੋਕ ਗਮਨ ਤੋਂ ਬਾਅਦ ਇਕ ਸਾਹਿਤਕ ਸੰਸਥਾ ਖ਼ਤਮ ਹੋ ਗਈ। ਉਹਨਾਂ ਦੇ ਪਰਵਾਰ ਵਿੱਚੋਂ ਕੋਈ ਵੀ ਉਹਨਾਂ ਦੀ ਲਾਈਨ 'ਤੇ ਨਾ ਚਲ ਸਕਿਆ, ਕਿਸੇ ਨੇ ਵੀ ਉਹਨਾਂ ਦੀ ਕਲਮ ਨੂੰ ਮੁੜ ਹੱਥ ਨਾ ਲਾਇਆ। ਉਹਨਾਂ ਦੇ ਪਰਿਵਾਰ ਨੇ ਸਾਰੀਆਂ ਪੁਸਤਕਾਂ ਦੇ ਪ੍ਰਕਾਸ਼ਨ ਕਰਨ ਦੇ ਅਧਿਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੇ ਦਿੱਤੇ ਹਨ ਅਤੇ ਬੇਨਤੀ ਕੀਤੀ ਹੈ ਕਿ ਇਹਨਾਂ ਨੂੰ ਮੁੜ ਪ੍ਰਕਾਸ਼ਤ ਕੀਤਾ ਜਾਵੇ।

ਅੰਤਿਕਾ

ਸੰਤ ਇੰਦਰ ਸਿੰਘ ਚਕਰਵਰਤੀ ਜੀ ਦੀਆਂ ਪੁਸਤਕਾਂ ਅਤੇ ਹੋਰ ਕਿਰਤਾਂ ਦੀ ਸੂਚੀ :

ਪੁਸਤਕ ਦਾ ਨਾਮ	ਸਫ਼ੇ	ਪ੍ਰੈਸ	ਕੀਮਤ	ਪ੍ਰਕਾ: ਸਾਲ
ਆਮ ਵਾਕਫੀ				
1. ਰਾਸ਼ਟਰ ਭਾਸ਼ਾ	32	ਪ੍ਰਕਾਸ਼ ਪ੍ਰੈਸ ਪਟਿਆਲਾ	0.50	1950 ਈ:
ਇਤਿਹਾਸ				
1. ਕੂਕਿਆਂ ਬਾਰੇ	308	ਪੂਰਨ ਸਿੰਘ ਸਮਾਣੀਆਂ ਪਟਿ :	3.50	1956 ਈ:
2. ਨਾਮਧਾਰੀ ਇਤਿਹਾਸ	152	ਸਤਿਜੁਗ, ਸ੍ਰੀ ਭੈਣੀ ਸਾਹਿਬ	1.00	1934 ਈ:
3. ਖੰਡੇ ਦਾ ਅੰਮ੍ਰਿਤ ਕਿਸਨੇ ਬਣਾਇਆ	36	ਨਾਮਧਾਰੀ ਸਾਹਿਤ ਪ੍ਰਕਾਸ਼ਨ ਸ੍ਰੀ ਜੀਵਨ ਨਗਰ	0.00	1966 ਈ:
4. ਖੰਡੇ ਦਾ ਅੰਮ੍ਰਿਤ ਕਿਸਨੇ ਬਣਾਇਆ ਬਾਰੇ ਇਤਿਹਾਸਕ ਵਾਦ ਵਿਵਾਦ	16	ਨਵਾਂ ਹਿੰਦੋਸਤਾਨ ਪ੍ਰਕਾਸ਼ਨ ਨ. ਦਿੱਲੀ-1	0.75	1967 ਈ:
5. ਅਟਲ ਪ੍ਰਤਾਪੀ	50	ਲੁਧਿਆਣਾ	0.25	1950 ਈ:
6. ਭੌਂਦੂ ਪ੍ਰਬੋਧ (ਆਲੋਚਨਾ)	44	ਮੈਨੇਜਰ ਸਤਿਜੁਗ ਸ੍ਰੀ ਜੀਵਨ ਨਗਰ	0.25	1950 ਈ:
7. ਜੋਤ ਦਾ ਜਾਮਾ (ਅਣਪ੍ਰਕਾਸ਼ਿਤ ਖਰੜਾ)				
8. ਨਾਮਧਾਰੀ ਇਤਿਹਾਸ ਦੀ ਰੂਪ ਰੇਖਾ				

ਸੰਪਾਦਿਤ ਸਾਹਿਤ

1.	ਪੈਂਤੀਸ ਅਖਰੀ ਕ੍ਰਿਤ ਕਵੀ ਬਾਬਾ ਕਾਹਲਾ ਸਿੰਘ ਜੀ	18	ਨਾਮਧਾਰੀ ਸਾਹਿਤ ਸਦਨ ਸ੍ਰੀ ਜੀਵਨ ਨਗਰ	3-00	
2.	ਮਸਲੇ ਸ਼ੇਖ਼ ਫਰੀਦ ਕੇ	18	ਭਾਸ਼ਾ ਵਿਭਾਗ ਪੰਜਾਬ, ਪਟਿਆਲਾ	1.15	1962 ਈ:
3.	ਨਿਰਮਲ ਪੰਥ ਪ੍ਰਦੀਪਿਕਾ ਕ੍ਰਿਤ ਗਿ: ਗਿਆਨ ਸਿੰਘ	88	ਨਿਰਮਲ ਪੰਚੈਤੀ ਅਖਾੜਾ ਕਨਖਲ	1.50	
4.	ਸਤਿਗੁਰ ਬਿਲਾਸ ਪਾਤਸ਼ਾਹੀ ੧੨ਵੀਂ ਕ੍ਰਿਤ ਧਿਆਨ ਸਿੰਘ ਕਾਦਰਾਬਾਦੀ				
5.	ਕੂਕਿਆਂ ਦੀ ਵਾਰ ਕ੍ਰਿਤ ਹਰਸਾ ਸਿੰਘ ਚਾਤਰ	ਕੂਕਿਆਂ ਬਾਰੇ ਪੁਸਤਕ ਸਫਾ 274 ਤੋਂ 297			
6.	ਗੋਸ਼ਟਾਂ ਸਹਿ-ਸੰਪਾਦਕ ਸਮਸ਼ੇਰ ਸਿੰਘ ਅਸ਼ੋਕ	252	ਭਾਸ਼ਾ ਵਿਭਾਗ ਪੰਜਾਬ	2.50	1970 ਈ:
7.	ਦਸਮ ਗ੍ਰੰਥ ਵਿੱਚੋਂ ਰਾਮ ਅਵਤਾਰ ਦੀ ਸੰਪਾਦਨਾ				
8.	ਦਸਮ ਗ੍ਰੰਥ ਵਿਚ ਕਿਸ਼ਨ ਅਵਤਾਰ ਦੀ ਸੰਪਾਦਨਾ				

ਕੋਸ਼ ਸਾਹਿਤ

1.	ਹਿੰਦੀ ਪੰਜਾਬੀ ਕੋਸ਼	ਭਾਸ਼ਾ ਵਿਭਾਗ ਪੰਜਾਬ ਪਟਿਆਲਾ	1952 ਈ:
2.	ਪੁਆਧੀ ਸ਼ਬਦ ਕੋਸ਼	ਭਾਸ਼ਾ ਵਿਭਾਗ ਪੰਜਾਬ ਪਟਿਆਲਾ	

ਕਹਾਣੀ

1.	ਸਤਨਾਜਾ	102	ਭਾਪੇ ਦੀ ਹੱਟੀ ਅੰਮ੍ਰਿਤਸਰ	2.50	1944 ਈ:

ਕਵਿਤਾ ਤੇ ਮਹਾਂਕਾਵਿ

1.	ਮਾਲਵੇਂਦਰ	467	ਨਾਮਧਾਰੀ ਸੰਗਤ ਦਿੱਲੀ	2.50	1944 ਈ:

2. ਹਿੰਦ ਦੀ ਚਾਦਰ	138	ਨਿਊ ਬੁਕ ਕੰਪਨੀ ਜਲੰ:	3.00	1960 ਈ:
3. ਰਾਸ਼ਟਰ ਬਾਣੀ				
4. ਮਹਾਂ ਮਾਨਵ				

ਧਰਮ

1. ਸਿੱਖ ਧਰਮ ਤੇ ਜੀਵ ਹਿੰਸਾ	40	ਭਾਪੇ ਦੀ ਹੱਟੀ ਅੰਮ੍ਰਿਤਸਰ	1-00	1943 ਈ:

ਨਾਟਕ/ ਇਕਾਂਗੀ

1. ਮੇਰੇ ਚੋਣਵੇਂ ਇਕਾਂਗੀ	250	ਸੁਖਾ ਸਿੰਘ ਅੰਮ੍ਰਿਤਸਰ		1951 ਈ:
2. ਪੰਥ ਕੀ ਜੀਤ	44	ਸ਼੍ਰੋ: ਗੁ: ਪ੍ਰ: ਕ: ਅੰਮ੍ਰਿ:	0.12	1953 ਈ।
3. ਪੂਰਬ ਪਛਮ	101	ਪੰਜ ਦਰਿਆ, ਲਾਹੌਰ	1.30	1940 ਈ:
4. ਸ਼ੂਦਰ ਦਾ ਬਲੀਦਾਨ	32	ਪ੍ਰਕਾਸ਼ ਪ੍ਰੈੱਸ ਪਟਿਆਲਾ	0.50	1941 ਈ:
5. ਪ੍ਰੀਤ ਪੈਗੰਬਰ	172	ਪ੍ਰੀਤ ਬੁਕ ਏਜੰਸੀ ਅੰਮ੍ਰਿਤਸਰ	2.50	1941 ਈ:
6. ਪਟਨਾ ਸ਼ਹਿਰ ਵਿਖੇ	32	ਪਟਿਆਲਾ	0.50	1951 ਈ:
7. ਰਾਸ਼ਟਰ ਭਾਸ਼ਾ				

ਨਾਵਲ

1. ਬੀਤ ਰਾਗ		ਨਾਮਧਾਰੀ ਟੈਕਟ ਸੋਸਾ: ਸ੍ਰੀ ਭੈਣੀ ਸਾਹਿਬ	1.00	1935 ਈ:
2. ਅੜਬੰਗੀ	116	ਲੁਧਿਆਣਾ	2.25	1960 ਈ:
3. ਜੈ ਨੰਦ ਜਾਂ ਮਹਾਂਨੰਦੀ	–	ਮੈਨੇਜਰ ਪ੍ਰਦੇਸੀ ਪ੍ਰੀਤਮ 2068 ਅੰਧਾਰਾ ਕੂਆ, ਦਿੱਲੀ–6	2.50	

4.	ਪਹਿਲਾ ਮਰਣਿ ਕਬੂਲ ਕਰਿ	197	ਪੰਜਾਬ ਕਿਤਾਬ ਘਰ ਜਲੰਧਰ	6.00	1970

ਸਤਿਜੁਗ ਅਖ਼ਬਾਰ ਵਿਚ ਕੁਝ ਵਿਸ਼ੇਸ਼ ਲੇਖ

1.	ਅਵਤਾਰ ਆਗਮਨ	ਸਤਿਗੁਰੂ ਪ੍ਰਤਾਪ ਸਿੰਘ ਅੰਕ	ਸੰਮਤ 2018
2.	ਚੀਨੀ ਅਸਵਾਰ	ਬਸੰਤ ਅੰਕ	ਸੰਮਤ 1987
3.	ਗੁਰ ਅਵਤਾਰ	ਬਸੰਤ ਅੰਕ	ਸੰਮਤ 1986
4.	ਇਕ ਅਤਿ ਸੁਆਲੀ ਵਾਰਤਾ —ਰਾਜ ਕੌਰਹੰਸ ਦੇ ਪਤ੍ਰ	ਬਸੰਤ ਅੰਕ	ਸੰਮਤ 1986
5.	ਜੀਵਾਲਨਹਾਰ ਸਤਿਗੁਰੂ	ਬਸੰਤ ਅੰਕ	ਸੰਮਤ 1988
6.	ਚੋਜੀ ਪ੍ਰੀਤਮ	ਬਸੰਤ ਅੰਕ	ਸੰਮਤ 1989
7.	ਕੌਮੀ ਜੀਵਨ	ਬਸੰਤ ਅੰਕ	ਸੰਮਤ 1991
8.	ਅਪੂਰਵ ਬਲੀਦਾਨ	ਬਸੰਤ ਅੰਕ	10 ਮਾਘ 1992
9.	ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ ਜੀ	ਬਸੰਤ ਅੰਕ	ਸੰਮਤ 1992
10.	ਸੰਤ ਸਰੂਪ ਸਿਦਕੀ ਸਿੱਖ —ਭਾਈ ਮੁਖਾ ਜੀ	ਸੰਤ ਅੰਕ ਪਹਿਲਾ ਹਿੱਸਾ	ਸੰਮਤ 1996
11.	ਸੰਤ ਸਿਪਾਹੀ (ਕਹਾਣੀ)	ਸੰਤ ਅੰਕ ਦੂਜਾ ਹਿੱਸਾ	ਸੰਮਤ 1998
12.	ਬਾਬਾ ਸੱਦਾ ਸਿੰਘ	ਸੰਤ ਅੰਕ ਦੂਜਾ ਹਿੱਸਾ	ਸੰਮਤ 1998
13.	ਸੰਤ ਮੰਜੀ ਤੋੜ ਜੀ	ਸੰਤ ਅੰਕ ਦੂਜਾ ਹਿੱਸਾ	ਸੰਮਤ 1998
14.	ਸੰਤ ਟਹਿਲ ਸਿੰਘ ਜੀ ਸੇਖਵ	ਸੰਤ ਅੰਕ ਦੂਜਾ ਹਿੱਸਾ	ਸੰਮਤ 1998
15.	ਦੈਂਤ ਤੋਂ ਦੇਵਤਾ (ਕਹਾਣੀ)	ਸੰਤ ਅੰਕ ਭਾਗ ਦੂਜਾ	ਸੰਮਤ 1998
16.	ਬੋਰੀਆਂ ਵਾਲਾ (ਕਹਾਣੀ)	"	"
17.	ਨਾਮ ਖੁਮਾਰੀ (ਇਕ ਅੰਗੀ ਨਾਟਕ)	"	"
18.	ਸੰਤ ਕਾਲਾ ਸਿੰਘ ਗਿਆਨੀ	"	"

19. ਬੁਰੇ ਦਾ ਭਲਾ (ਇਕ ਅੰਗੀ ਨਾਟਕ) " "

20. ਸੰਤ ਸੰਮਾ ਸਿੰਘ ਜੀ ਮਾਂਗਾ " "

21. ਸੰਤ ਪਤੰਗ ਜੀ " "

22. ਜੀ ਆਇਆਂ (ਪੰਡਤ ਜਵਾਹਰ ਲਾਲ ਨਹਿਰਬੂ ਬਾਰੇ)] —ਪਾਠ ਅੰਕ— ਬਸੰਤ ਅੰਕ ਸੰਮਤ 2010

23. ਚਾਨਣ ਮੁਨਾਰਾ " "

24. ਬੀਤੇ ਦੀ ਯਾਦ ਸਤਿਜੁਗ ਦਾ ਮਾਸਿਕ ਅੰਕ ਚੇਤਰ ਸੰਮਤ 2013

25. ਖੰਡੇ ਦੇ ਅੰਮ੍ਰਿਤ ਦੇ ਦਾਤੇ ਬਸੰਤ ਅੰਕ 2015

26. ਦਮਦਮਾ ਸਾਹਿਬ ਵਾਲੀ ਬੀੜ ਬਾਰੇ ਦਸਮੇਸ਼ ਅੰਕ ਸੰਮਤ 2023 1967 ਈ:

27. ਰਾਜਨੀਤਕ ਸਰਗਰਮੀਆਂ ਬਸੰਤ ਅੰਕ 1993 ਈ:

'ਪ੍ਰਦੇਸੀ ਪ੍ਰੀਤਮ', ਅਗਸਤ 1964 ਦੇ ਅੰਕ ਵਿਚ ਲਿਖਤਾਂ

1. ਪ੍ਰਦੇਸੀ ਪ੍ਰੀਤਮ
2. ਅਟਲ ਪ੍ਰਤਾਪੀ ਸੰਬੰਧੀ
3. ਅਟਲ ਪ੍ਰਤਾਪੀ
4. ਅਕਾਲੀਆਂ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ "ਸਿੱਖ ਇਤਿਹਾਸ"
5. ਸਰਬ ਲੋਹ (ਨਾਟਕ)
6. ਅਮਰ ਸ਼ਹੀਦ ਸ੍ਰ. ਭਗਤ ਸਿੰਘ
7. ਸਾਡਾ ਸਵਰਨ ਯੁਗ

'ਪੰਜਾਬੀ ਦੁਨੀਆ' (ਮਾਸਿਕ) ਰਿਸਾਲੇ ਵਿਚ ਪ੍ਰਕਾਸ਼ਤ ਹੋਏ ਲੇਖ

1. ਦੇਵ ਭਾਸ਼ਾ ਤੇ ਲੋਕ ਸਭਾ ਸਤੰਬਰ 1951
2. ਸਿਆਮੀ ਸਾਹਿਤ ਉੱਤੇ ਭਾਰਤੀ ਅਸਰ ਨਵੰਬਰ 1951
3. ਪੰਜਾਬੀ ਹੱਥ ਲਿਖਤਾਂ ਫਰਵਰੀ 1952

4.	ਹਿੰਦੂਆਂ ਦਾ ਪੰਜਾਬੀ ਪਿਆਰ	ਅਗਸਤ 1952
5.	ਕਬੀਰ ਕਿ ਫਰੀਦ	ਦਸੰਬਰ 1952
6.	ਕਵਿਤਾ ਤੇ ਭਾਰਤੀ ਸਾਹਿਤਕਾਰ	ਮਾਰਚ 1955
7.	ਲੋਕ ਕਵਿੱਤਰੀ ਅੰਮ੍ਰਿਤਾ	ਮਈ 1958
8.	ਜਵਾਹਰ ਯਾਰ ਤੇ ਪਾਲੀ ਦਾ ਬਾਰਾਂਮਾਂਹ	ਮਾਰਚ 1959
9.	ਲੋਕ ਗੀਤਾਂ ਵਿਚ ਵੀਰ ਪਿਆਰ	ਅਪ੍ਰੈਲ-ਮਈ 1959
10.	ਪ੍ਰਾਕ੍ਰਿਤਕ ਭਾਸ਼ਾਵਾਂ ਦਾ ਵਿਆਕਰਣ ਤੇ ਪੰਜਾਬੀ ਭਾਸ਼ਾ	ਜਨਵਰੀ 1960
11.	ਸੁਸਈ ਪਨ੍ਹੂੰ ਜਾਂ ਸਸ ਪੁੰਨੂ	ਮਾਰਚ 1960
12.	ਸ੍ਰੀ ਫਰੀਦ ਜੀ ਦਾ ਪਧਤੀ ਨਾਮਾ	ਮਈ 1960
13.	ਸ੍ਰੀ ਅੰਮ੍ਰਿਤਸਰ ਜੀ ਦੀ ਮਹਿਮਾ	ਜੂਨ 1960
14.	ਭਗਤ ਰਵਿਦਾਸ ਜੀ ਬਾਰੇ	ਅਗਸਤ 1960
15.	ਸਮਾਲੋਚਨਾ ਸਮੀਖਿਆ	ਸਤੰਬਰ 1960
16.	ਕਹਾਣੀ ਦੀ ਪਰੰਪਰਾ	ਅਕਤੂਬਰ 1960
17.	1960 ਦਾ ਪੰਜਾਬੀ ਕੋਸ਼ ਸਾਹਿਤ	ਮਾਰਚ 1961
18.	ਮਸਲੇ ਸ਼ੇਖ਼ ਫਰੀਦ ਕੇ	ਅਕਤੂਬਰ 1961
19.	ਬੁੱਲ੍ਹਾ ਸ਼ਾਹ ਤੇ ਗੁਰੂ ਭਗਤੀ	ਜਨਵਰੀ-ਫਰਵਰੀ 1962
20.	ਦੁਗਲ ਨਾਲ ਇਕ ਮੁਲਾਕਾਤ	ਮਈ ਜੂਨ 1961
21.	ਆਦਿ ਕਥਾ ਮੁਹੰਮਦ ਕੀ	ਅਪ੍ਰੈਲ 1962
22.	ਸਰਮਦ ਸ਼ਹੀਦ	ਜੁਲਾਈ 1962
23.	ਸਮਾਜ ਉਸਰੀਏ ਸ੍ਰੀ ਗੁਰੂ ਰਾਮਦਾਸ ਜੀ	ਅਕਤੂਬਰ 1962
24.	ਪ੍ਰਸਿੱਧ ਇਤਿਹਾਸਕਾਰ ਗਿਆਨ ਗਿਆਨ ਸਿੰਘ ਤੇ ਉਹਨਾਂ ਦੀ ਪੰਜਾਬੀ ਕਵਿਤਾ	ਨਵੰਬਰ ਦਸੰਬਰ 1962
25.	ਭੂਸ਼ਨ ਅਤੇ ਸਿੱਖ ਬੀਰ ਸਾਹਿਤ	ਅਪ੍ਰੈਲ-ਮਈ 1963
26.	ਬਾਬਾ ਮਿਹਰਵਾਨ ਦੀ ਰਚਨਾ	ਅਕਤੂਬਰ 1963
27.	ਭਾਈ ਮਨੀ ਸਿੰਘ ਦੀ ਬੀੜ	ਮਈ 1964

28. ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦੇ ਭੇਦ ਜਨਵਰੀ–ਫਰਵਰੀ 1965

29. ਸਿੱਖ ਧਰਮ ਵਿਚ ਭਗਤੀ ਸਤੰਬਰ–ਅਕਤੂਬਰ 1965

30. ਲਿਪੀ ਦਾ ਜਨਮ ਤੇ ਵਿਕਾਸ ਮਈ 1967

ਮਹਾਤਮਾ ਅਖ਼ਬਾਰ ਦੇ ਸ੍ਰੀ ਚੰਦ੍ਰ ਅੰਕ ਵਿਚ ਲੇਖ

1. ਉਦਾਸੀਨ ਮਹਾਂਪੁਰਖਾਂ ਵਲੋਂ ਸਿੱਖਾਂ ਉੱਤੇ ਉਪਕਾਰ — ਮਹਾਤਮਾ ਅਖ਼ਬਾਰ ਦਾ ਸ੍ਰੀ ਚੰਦ੍ਰ ਅੰਕ — 1963 ਈ:

ਦੇਵਿੰਦਰ ਸਿੰਘ ਗਿਲ
ਪਿੰਡ – ਜੀਆ ਨੱਥਾ
ਡਾ– ਖੁੱਡਾ–144305
ਜ਼ਿਲ੍ਹਾ – ਹੁਸ਼ਿਆਰਪੁਰ (ਪੰ:)

✣ ✣ ✣ ✣ ✣ ✣



ਸੰਤ ਇੰਦਰ ਸਿੰਘ ਚਕਰਵਰਤੀ ਜੀ ਪ੍ਰਸਿੱਧ ਆਰਟਿਸਟ ਜੀ.ਐਸ. ਸੋਹਣ ਸਿੰਘ ਜੀ ਨਾਲ ਕਲਾ ਬਾਰੇ ਵਿਚਾਰ ਵਟਾਂਦਰਾ ਕਰ ਰਹੇ ਹਨ।



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਦੇ ਨਾਮਧਾਰੀ ਪੰਥ ਦੇ ਮੁਖੀ ਅਤੇ ਸੂਬੇ ਜਿਨ੍ਹਾਂ ਨੇ ਦੇਸ਼ ਆਜ਼ਾਦੀ, ਪੰਥ ਪ੍ਰਚਾਰ ਅਤੇ "ਸਤਿਜੁਗ" ਦੀ ਅਣਥੱਕ ਸੇਵਾ ਕੀਤੀ, ਖੱਬੇ ਤੋਂ ਸੱਜੇ : ੧. ਸੰਤ ਇੰਦਰ ਸਿੰਘ ਜੀ ਚਕਰਵਰਤੀ ੨. ਸੂਬਾ ਹਰੀ ਸਿੰਘ ਜੀ ੩. ਸ੍ਰ. ਦਇਆ ਸਿੰਘ ਜੀ ੪. ਸ੍ਰ. ਭਗਤ ਸਿੰਘ ਜੀ ੫. ਸੰਤ ਭਗਤ ਸਿੰਘ ਜੀ ਸੂਬਾ, ਦਾਤੇਵਾਲ।